@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

# Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 12 July 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 12 ਜੁਲਾਈ 2024, 28 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 236, qpatrika@gmail.com ਫੋਨ : 9971359517 www.qaumipatrika.org

## ਨੀਟ ਪੇਪਰ ਲੀਕ ਮਾਮਲੇ 'ਚ ਵੱਡੀ ਕਾਰਵਾਈ, ਸੀ.ਬੀ.ਆਈ. ਨੇ ਮੁੱਖ ਦੋਸ਼ੀ ਦਾ ਕਰੀਬੀ ਕੀਤਾ ਗ੍ਰਿਫਤਾਰ

ਨਵੀਂ ਦਿੱਲੀ 11 ਜੁਲਾਈ। ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਨੀਟ-ਯੂ.ਜੀ. ਪ੍ਰੀਖਿਆ ਵਿਚ ਬੇਨਿਯਮੀਆਂ 'ਤੇ ਕਾਰਵਾਈ ਸ਼ੁਰੂ ਹੋਣ ਤੋਂ ਬਾਅਦ ਤੋਂ ਫਰਾਰ ਇਕ ਕਥਿਤ ਦੋਸੀ ਨੂੰ ਗ੍ਰਿਫਤਾਰ ਕਰ ਲਿਆ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਸੀ.ਬੀ.ਆਈ. ਨੇ ਰੌਕੀ ਉਰਫ ਰਾਕੇਸ਼ ਰੰਜਨ ਨੂੰ ਗ੍ਰਿਫਤਾਰ ਕੀਤਾ, ਜੋ ਬਿਹਾਰ ਦੇ ਨਾਲੰਦਾ ਦਾ ਰਹਿਣ ਵਾਲਾ ਹੈ ਅਤੇ ਪਟਨਾ ਦੇ ਬਾਹਰੀ ਇਲਾਕੇ ਤੋਂ ਮੁੱਖ ਦੋਸੀ ਸੰਜੀਵ ਮੁਖੀਆ ਦਾ ਰਿਸਤੇਦਾਰ ਦੱਸਿਆ ਜਾਂਦਾ ਹੈ।

ਸੀ.ਬੀ.ਆਈ. ਨੇ ਜਦੋਂ ਤੋਂ ਮਾਮਲੇ ਦੀ ਜਾਂਚ ਸੰਭਾਲੀ ਹੈ, ਉਦੋਂ ਤੋਂ ਹੀ ਉਸ ਦੀ ਭਾਲ ਕੀਤੀ ਜਾ ਰਹੀ ਸੀ। ਉਨ੍ਹਾਂ ਨੇ ਦੱਸਿਆ ਕਿ ਉਸ ਨੂੰ ਵੀਰਵਾਰ ਸਵੇਰੇ ਗ੍ਰਿਫਤਾਰ ਕੀਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਏਜੰਸੀ ਨੇ ਉਸ ਨੂੰ ਪਟਨਾ ਦੀ ਵਿਸੇਸ ਅਦਾਲਤ ਵਿੱਚ ਪੇਸ ਕੀਤਾ, ਜਿਸ ਨੇ ਉਸ ਨੂੰ 10 ਦਿਨਾਂ ਲਈ ਸੀ.ਬੀ.ਆਈ. ਹਿਰਾਸਤ ਵਿੱਚ ਭੇਜ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਸੀ.ਬੀ.ਆਈ. ਨੇ ਉਸ ਦੀ ਗ੍ਰਿਫਤਾਰੀ ਤੋਂ ਬਾਅਦ ਪਟਨਾ ਅਤੇ ਆਸਪਾਸ ਦੇ ਇਲਾਕਿਆਂ ਵਿੱਚ ਤਿੰਨ ਥਾਵਾਂ ਅਤੇ ਕੋਲਕਾਤਾ ਵਿੱਚ ਇੱਕ ਥਾਂ ਛਾਪੇਮਾਰੀ ਕੀਤੀ।

## ਕਾਲੇਜੀਅਮ ਨੇ 3 ਐਡੀਸ਼ਨਲ ਜੱਜਾਂ ਨੂੰ ਸਥਾਈ ਕਰਨ ਦੀ ਕੀਤੀ ਸਿਫਾਰਿਸ

ਨਵੀਂ ਦਿੱਲੀ, 11 ਜੁਲਾਈ। ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ. ਵਾਈ. ਚੰਦਰਚੂੜ ਦੀ ਅਗਵਾਈ ਵਾਲੀ ਕਾਲੇਜੀਅਮ ਨੇ ਦਿੱਲੀ ਹਾਈ ਕੋਰਟ ਦੇ ਤਿੰਨ ਐਡੀਸ਼ਨਲ ਜੱਜਾਂ ਨੂੰ ਸਥਾਈ ਜੱਜਾਂ ਵਜੋਂ ਨਿਯੁਕਤ ਕਰਨ ਲਈ ਕੇਂਦਰ ਨੂੰ ਸਿਫਾਰਸ ਕੀਤੀ ਹੈ। ਕਾਲੇਜੀਅਮ 'ਚ ਜਸਟਿਸ ਸੰਜੀਵ ਖੰਨਾ ਤੇ ਜਸਟਿਸ ਬੀ.ਆਰ. ਗਵਾਈ ਵੀ ਸਾਮਲ ਹਨ। ਕਾਲੇਜੀਅਮ ਨੇ ਸਿਫਾਰਿਸ ਕੀਤੀ ਹੈ ਕਿ ਬੰਬੇ ਹਾਈ ਕੋਰਟ ਦੇ 7 ਐਡੀਸਨਲ ਜੱਜਾਂ ਨੂੰ ਸਥਾਈ ਜੱਜ ਨਿਯੁਕਤ ਕੀਤਾ ਜਾਵੇ। ਇਸ ਵਿਚ ਇਹ ਵੀ ਸਿਫਾਰਸ ਕੀਤੀ ਗਈ ਹੈ ਕਿ ਜਸਟਿਸ ਸੰਜੇ ਆਨੰਦਰਾਓ ਦੇਸਮੁਖ ਤੇ ਜਸਟਿਸ ਵਰੁਸਾਲੀ ਵਿਜੇ ਜੋਸੀ ਨੂੰ 7 ਅਕਤੂਬਰ, 2024 ਤੋਂ ਇਕ ਸਾਲ ਦੀ ਮਿਆਦ ਲਈ ਬੰਬੇ ਹਾਈ ਕੋਰਟ ਦੇ ਐਡੀਸ਼ਨਲ ਜੱਜ ਵਜੋਂ ਨਿਯੁਕਤ ਕੀਤਾ ਜਾਵੇ।

## ਕੀ ਨੂਪੁਰ ਸ਼ਰਮਾ ਮੁੜ ਐਕਸਨ 'ਚ ਆ ਗਈ ਹੈ !

ਨਵੀਂ ਦਿੱਲੀ 11 ਜੁਲਾਈ। ਠੀਕ 2 ਸਾਲ ਪਹਿਲਾਂ ਭਾਜਪਾ ਦੀ ਤਿੱਖੀ ਨੌਜਵਾਨ ਮਹਿਲਾ ਆਗੂ ਨੂਪੁਰ ਸਰਮਾ ਨੂੰ ਪੈਗੰਬਰ ਮੁਹੰਮਦ ਸਾਹਿਬ ਬਾਰੇ ਵਾਦ ਵਿਵਾਦ ਵਾਲੇ ਬਿਆਨ ਕਾਰਨ ਪਾਰਟੀ ਨੇ ਨਜਰਅੰਦਾਜ ਕਰ ਦਿੱਤਾ ਸੀ। ਜੁਲਾਈ 2022 'ਚ ਜਦੋਂ ਦੇਸ 'ਚ ਉਨ੍ਹਾਂ ਵਿਰੁੱਧ ਪ੍ਰਦਰਸਨ ਸ਼ੁਰੂ ਹੋਏ ਤਾਂ ਭਾਜਪਾ ਨੇ ਆਪਣੀ ਸਾਬਕਾ ਬੁਲਾਰਨ ਨੂੰ ਪਾਰਟੀ 'ਚੋਂ ਮੁਅੱਤਲ ਕਰ ਦਿੱਤਾ ਸੀ। ਪਾਰਟੀ ਨੇ ਬਿਨਾਂ ਕਿਸੇ ਦਬਾਅ ਦੇ ਉਨ੍ਹਾਂ ਨੂੰ ਬਾਹਰ ਕਰ ਦਿੱਤਾ। ਉਂਝ ਕੱਟੜਪੰਥੀਆਂ ਤੋਂ ਉਨ੍ਹਾਂ ਦੀ ਜਾਨ ਨੂੰ ਖਤਰਾ ਹੋਣ ਕਾਰਨ ਭਾਰੀ ਸੁਰੱਖਿਆ ਕਵਰ ਦਿੱਤਾ ਗਿਆ ਸੀ। ਇਸ ਮਹੀਨੇ ਉਨ੍ਹਾਂ ਇਕ ਵਾਰ

ਫਿਰ ਸਾਹਮਣੇ ਆ ਕੇ ਹਿੰਸਕ ਹਿੰਦੂਆਂ ਬਾਰੇ ਰਾਹੁਲ ਗਾਂਧੀ ਵੱਲੋਂ ਦਿੱਤੇ ਬਿਆਨ ਨੂੰ ਲੈ ਕੇ ਚੁਟਕੀ ਲਈ ਤੇ ਦਾਅਵਾ ਕੀਤਾ ਕਿ ਦੇਸ 'ਚ ਸਨਾਤਨੀਆਂ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਰਾਏਬਰੇਲੀ ਦੇ ਸੰਸਦ ਮੈਂਬਰ ਦਾ ਨਾਂ ਲਏ ਬਿਨਾਂ ਨੂਪੁਰ ਸਰਮਾ ਨੇ ਕਿਹਾ ਕਿ ਹਿੰਦੂਆਂ ਖਿਲਾਫ ਟਿੱਪਣੀਆਂ ਕਰਨ ਤੋਂ ਪਹਿਲਾਂ ਲੋਕਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਦੇਸ 'ਚੋਂ ਹਿੰਦੂਆਂ ਨੂੰ ਖਤਮ ਕਰਨ ਦੀ ਸਾਜਿ਼ਸ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਉੱਚ ਅਹੁਦਿਆਂ 'ਤੇ ਬੈਠੇ ਲੋਕ ਇਹ ਦਾਅਵਾ ਕਰਦੇ ਹਨ ਕਿ ਹਿੰਦੂ ਹਿੰਸਕ ਹਨ। ਭਾਜਪਾ ਦੀ ਸਾਬਕਾ ਆਗੂ ਨੇ ਕੁਝ ਦਿਨ ਪਹਿਲਾਂ ਗਾਜੀਆਬਾਦ ਦੇ ਇਕ ਪ੍ਰੋਗਰਾਮ 'ਚ ਇਹ ਗੱਲ ਕਹੀ ਸੀ। ਹਾਲਾਂਕਿ ਭਾਜਪਾ ਨੇ ਉਨ੍ਹਾਂ ਦੇ ਬਿਆਨ 'ਤੇ ਟਿੱਪਣੀ ਕਰਨ ਤੋਂ ਗੁਰੇਜ ਕੀਤਾ ਤੇ ਕੋਈ ਸੰਕੇਤ ਨਹੀਂ ਦਿੱਤਾ ਕਿ ਕੀ ਉਨ੍ਹਾਂ ਨੂੰ ਬੁਲਾਰਨ ਵਜੋਂ ਪਾਰਟੀ 'ਚ ਵਾਪਸ ਲਿਆ ਜਾਵੇਗਾ ਜਾਂ ਕੋਈ ਹੋਰ ਭੂਮਿਕਾ ਦਿੱਤੀ ਜਾਵੇਗੀ? ਉਨ੍ਹਾਂ ਦਾ ਮੁੜ ਐਕਸ਼ਨ 'ਚ ਆਉਣਾ ਇਸ ਗੱਲ ਦਾ ਸੰਕੇਤ ਹੈ ਕਿ ਭਾਜਪਾ ਉਨ੍ਹਾਂ ਨੂੰ ਨਵੀਂ ਭੂਮਿਕਾ 'ਚ ਲਿਆਉਣ ਤੋਂ ਪਹਿਲਾਂ ਸਥਿਤੀ ਦਾ ਜਾਇਜਾ ਲੈਣ ਦੀ ਕੋਸ਼ਿਸ ਕਰ ਰਹੀ ਹੈ।

# ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਡੂਰੰਡ ਕੱਪ ਟੂਰਨਾਮੈਂਟ ਦੀਆਂ ਤਿੰਨ ਟਰਾਫੀਆਂ ਦਾ ਉਦਘਾਟਨ ਕੀਤਾ

ਸਿੰਮੀ ਕੌਰ ਬੱਬਰ

ਜੈਤੋ, 11 ਜੁਲਾਈ। ਰਾਸਟਰਪਤੀ ਸਕੱਤਰੇਤ ਨੇ ਬੁੱਧਵਾਰ ਨੂੰ ਕਿਹਾ ਕਿ ਸ਼੍ਰੀਮਤੀ ਦ੍ਰੌਪਦੀ ਮੁਰਮੂ ਨੇ ਅੱਜ ਰਾਸਟਰਪਤੀ ਭਵਨ ਦੇ ਸੱਭਿਆਚਾਰਕ ਕੇਂਦਰ ਵਿੱਚ ਹੋਏ ਸਮਾਗਮ ਦੌਰਾਨ ਡੂਰਾਂਡ ਕੱਪ ਟੂਰਨਾਮੈਂਟ 2024 ਦੀਆਂ ਤਿੰਨ ਟਰਾਫੀਆਂ ਦਾ ਉਦਘਾਟਨ ਕੀਤਾ। ਇਨ੍ਹਾਂ ਟਰਾਫੀਆਂ ਵਿੱਚ ਡੂਰੰਡ ਕੱਪ, ਪ੍ਰੈਜੀਡੈਂਟ ਕੱਪ ਅਤੇ ਸਿ਼ਮਲਾ ਟਰਾਫੀ ਸਾਮਲ ਹਨ। ਇਸ ਮੌਕੇ ਸੰਬਧੋਨ ਕਰਦੇ ਰਾਸ਼ਟਰਪਤੀ ਨੇ ਕਿਹਾ ਕਿ ਫੁੱਟਬਾਲ ਦੁਨੀਆ ਦੇ ਸਭ ਤੋਂ ਜਿ਼ਆਦਾ ਲੋਕਪ੍ਰਿਯ ਖੇਡਾਂ 'ਚੋਂ ਇਕ ਹੈ। ਜਦੋਂ ਪੇਸੇਵਰ ਫੁੱਟਬਾਲ ਖਿਡਾਰੀ ਹਜਾਰਾਂ ਪ੍ਰਸੰਸਕਾਂ ਦੇ ਸਾਹਮਣੇ ਖੇਡਦੇ ਹਨ, ਤਾਂ ਖਿਡਾਰੀਆਂ ਅਤੇ ਦਰਸਕਾਂ ਦਾ ਉਤਸਾਹ ਕਈ ਗੁਣਾ ਵੱਧ ਜਾਂਦਾ ਹੈ। ਰਾਸਟਰਪਤੀ ਨੇ ਡੂਰੰਡ ਕੱਪ ਟੂਰਨਾਮੈਂਟ

2024 ਵਿੱਚ ਭਾਗ ਲੈਣ ਵਾਲੇ ਸਾਰੇ ਖਿਡਾਰੀਆਂ ਨੂੰ ਸੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਖਿਡਾਰੀਆਂ ਨੂੰ ਕਿਹਾ ਕਿ ਉਹ ਜਿੱਤਣ ਜਾਂ ਹਾਰਨ, ਖੇਡ ਵਿੱਚ ਸਿਹਤਮੰਦ ਮੁਕਾਬਲਾ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਦੂਜੀਆਂ ਟੀਮਾਂ ਦਾ ਸਨਮਾਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਖੇਡ ਵਿੱਚ ਜੋਸ ਅਤੇ ਜਨੂੰਨ ਆ ਜਾਂਦਾ ਹੈ ਪਰ ਖਿਡਾਰੀਆਂ ਨੂੰ ਆਪਣੀਆਂ ਭਾਵਨਾਵਾਂ 'ਤੇ ਕਾਬੂ ਰੱਖਣ ਦੀ ਪੂਰੀ ਕੋਸਿ਼ਸ ਕਰਨੀ ਚਾਹੀਦੀ ਹੈ ਅਤੇ ਖੇਡ ਵਿੱਚ ਆਪਣਾ ਸਰਵੋਤਮ ਪ੍ਰਦਰਸਨ ਕਰਨਾ ਚਾਹੀਦਾ ਹੈ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਸਾਰੇ ਖਿਡਾਰੀ ਦ੍ਰਿੜ ਇਰਾਦੇ ਅਤੇ ਖੇਡ ਭਾਵਨਾ ਨਾਲ ਪ੍ਰਦਰਸਨ ਕਰਨਗੇ। ਰਾਸਟਰਪਤੀ ਨੇ ਸਾਰੇ ਫੁੱਟਬਾਲ ਪ੍ਰੇਮੀਆਂ ਨੂੰ ਅਪੀਲ ਕੀਤੀ ਕਿ ਉਹ ਭਾਰਤ ਵਿੱਚ ਫੁੱਟਬਾਲ ਦਾ ਪੱਧਰ ਉੱਚਾ ਚੁੱਕਣ ਲਈ ਯਤਨ ਕਰਨ।

## ਛੇਤੀ ਹੀ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣੇਗਾ ਭਾਰਤ: ਪ੍ਰਧਾਨ ਮੰਤਰੀ

ਨੈਸ਼ਨਲ ਡੈਸਕ 11 ਜੁਲਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਆਸਟ੍ਰੀਆ ਦੀਆਂ ਕੰਪਨੀਆਂ ਨੂੰ ਭਾਰਤ ਦੀ 'ਸ਼ਾਨਦਾਰ ਵਿਕਾਸ ਗਾਥਾ' ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਉਹ ਘਰੇਲੂ ਅਤੇ ਅੰਤਰਰਾਸਟਰੀ ਬਾਜਾਰਾਂ ਲਈ 'ਮੇਕ ਇਨ ਇੰਡੀਆ' ਪ੍ਰੋਗਰਾਮ ਤਹਿਤ ਉੱਚ ਗੁਣਵੱਤਾ ਅਤੇ ਲਾਗਤ ਪ੍ਰਭਾਵੀ ਵਿਨਿਰਮਾਣ ਦਾ ਲਾਭ ਉਠਾ ਸਕਦੀਆਂ ਹਨ। ਆਸਟ੍ਰੀਆ ਦੇ ਚਾਂਸਲਰ ਕਾਰਲ ਨੇਹਮਰ ਦੇ ਨਾਲ ਵਪਾਰਕ ਨੇਤਾਵਾਂ ਨੂੰ ਆਪਣੇ ਸੰਬੋਧਨ ਵਿਚ ਮੋਦੀ ਨੇ ਵਿਸੇਸ ਤੌਰ 'ਤੇ ਸੈਮੀਕੰਡਕਟਰਾਂ, ਮੈਡੀਕਲ ਉਪਕਰਣਾਂ ਅਤੇ ਸੋਲਰ ਪੀਵੀ ਸੈੱਲਾਂ ਸਮੇਤ ਖੇਤਰਾਂ ਵਿਚ ਵਿਸਵ ਨਿਰਮਾਣ ਕੰਪਨੀਆਂ ਨੂੰ ਆਕਰਸਿ਼ਤ ਕਰਨ ਲਈ ਭਾਰਤ ਦੀ ਉਤਪਾਦਨ-ਲਿੰਕਡ ਇਨਸੈਂਟਿਵ (ਪੀ.ਐੱਲ.ਆਈ.) ਯੋਜਨਾ ਨੂੰ ਉਜਾਗਰ ਕੀਤਾ। ਵਿਦੇਸ ਮੰਤਰਾਲੇ ਦੇ ਇਕ ਬਿਆਨ ਮੁਤਾਬਕ ਪ੍ਰਧਾਨ ਮੰਤਰੀ ਨੇ ਆਸਟ੍ਰੀਆ ਦੇ ਉਦਯੋਗਪਤੀਆਂ ਨੂੰ ਭਾਰਤ ਵਿਚ ਤੇਜੀ ਨਾਲ ਉੱਭਰ ਰਹੇ ਮੌਕਿਆਂ ਦੀ ਘੋਖ ਕਰਨ ਲਈ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਅਗਲੇ ਕੁਝ ਸਾਲਾਂ ਵਿਚ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਵੱਲ ਵਧ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਮੰਗਲਵਾਰ ਸਾਮ ਨੂੰ ਰੂਸ ਦੇ ਰਾਸਟਰਪਤੀ ਵਲਾਦੀਮੀਰ ਪੁਤਿਨ ਨਾਲ ਮੁਲਾਕਾਤ ਕਰਨ ਤੋਂ ਬਾਅਦ ਦੋ ਦਿਨਾਂ ਦੌਰੇ 'ਤੇ ਮਾਸਕੋ ਤੋਂ ਇੱਥੇ ਪਹੁੰਚੇ। 41 ਸਾਲਾਂ ਤੋਂ ਵੱਧ ਸਮੇਂ ਵਿਚ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਆਸਟ੍ਰੀਆ ਦੀ ਇਹ ਪਹਿਲੀ ਯਾਤਰਾ ਹੈ। ਮੋਦੀ ਨੇ ਸੋਸਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ, "ਭਾਰਤੀ ਅਤੇ ਆਸਟ੍ਰੀਆ ਦੇ ਉਦਯੋਗਪਤੀਆਂ ਨਾਲ ਮੁਲਾਕਾਤ ਕੀਤੀ। ਦੋਵੇਂ ਦੇਸ ਵਪਾਰਕ ਅਤੇ ਵਪਾਰਕ ਸਬੰਧਾਂ ਨੂੰ ਹੁਲਾਰਾ ਦੇਣ ਲਈ ਆਉਣ ਵਾਲੇ ਕਈ ਮੌਕਿਆਂ ਦਾ ਲਾਭ ਉਠਾਉਣ ਲਈ ਆਸਵੰਦ ਹਨ।"

# ਮਣੀਪੁਰ ਅੱਜ ਵੀ ਵੰਡਿਆ ਹੋਇਆ ਹੈ, ਪ੍ਰਧਾਨ ਮੰਤਰੀ ਸੂਬਾ ਦਾ ਦੌਰਾ ਕਰ ਸ਼ਾਂਤੀ ਦੀ ਕਰਨ ਅਪੀਲ: ਰਾਹੁਲ ਗਾਂਧੀ

ਏਜੰਸੀਆਂ

ਨਵੀਂ ਦਿੱਲੀ 11 ਜੁਲਾਈ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਕਿਹਾ ਕਿ ਮਣੀਪੁਰ ਦੀ ਸਥਿਤੀ ਵਿਚ ਅੱਜ ਵੀ ਸੁਧਾਰ ਨਹੀਂ ਹੋਇਆ ਅਤੇ ਉਹ ਦੋ ਟੋਟਿਆਂ ਵਿਚ ਵੰਡਿਆ ਹੋਇਆ ਹੈ। ਅਜਿਹੇ ਵਿਚ ਪ੍ਰਧਾਨ ਮੰਤਰੀ ਮੋਦੀ ਨੂੰ ਸੂਬੇ ਦਾ ਦੌਰਾ ਕਰ ਕੇ ਲੋਕਾਂ ਦੀਆਂ ਤਕਲੀਫਾਂ ਸੁਣਨੀਆਂ ਚਾਹੀਦੀਆਂ ਹਨ ਅਤੇ ਸ਼ਾਂਤੀ ਦੀ ਅਪੀਲ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇੰਡੀਆ ਗਠਜੋੜ ਦੀਆਂ ਪਾਰਟੀਆਂ ਮਣੀਪੁਰ ਵਿਚ ਸ਼ਾਂਤੀ ਦੀ ਜਰੂਰਤ ਨੂੰ ਸੰਸਦ ਵਿਚ ਪੂਰੀ ਸ਼ਕਤੀ ਨਾਲ ਚੁੱਕਣਗੀਆਂ, ਸਰਕਾਰ 'ਤੇ ਇਸ ਤ੍ਰਾਸਦੀ ਨੂੰ ਖਤਮ ਕਰਨ ਦਾ ਦਬਾਅ ਬਣਾਉਣਗੇ। ਦੱਸ ਦੇਈਏ ਕਿ ਰਾਹੁਲ ਗਾਂਧੀ ਨੇ ਬੀਤੇ ਸੋਮਵਾਰ ਨੂੰ ਮਣੀਪੁਰ ਦਾ ਦੌਰਾ ਕਰ ਕੇ ਹਿੰਸਾ ਪੀੜਤਾਂ ਨਾਲ ਮੁਲਾਕਾਤ ਕੀਤੀ ਸੀ। ਰਾਹੁਲ ਨੇ ਇਸ ਦੌਰੇ ਦਾ ਇਕ ਵੀਡੀਓ ਵੀਰਵਾਰ ਨੂੰ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਸਾਂਝਾ ਕੀਤਾ। ਉਨ੍ਹਾਂ ਨੇ ਕਿਹਾ ਕਿ 22 ਜੁਲਾਈ ਤੋਂ ਸ਼ੁਰੂ ਹੋ ਰਹੇ ਸੰਸਦ ਦੇ ਮਾਨਸੂਨ ਸੈਸ਼ਨ ਵਿਚ ਮਣੀਪੁਰ ਦਾ ਮੁੱਦਾ ਚੁੱਕਣਗੇ। ਉਨ੍ਹਾਂ ਨੇ ਵੀਡੀਓ ਸਾਂਝਾ ਕਰਦਿਆਂ ਇਹ ਪੋਸਟ ਕੀਤਾ ਕਿ ਮਣੀਪੁਰ ਵਿਚ ਹਿੰਸਾ ਸ਼ੁਰੂ ਹੋਣ ਮਗਰੋਂ ਮੈਂ ਤੀਜੀ ਵਾਰ ਇੱਥੇ ਆ ਚੁੱਕਾ ਹਾਂ ਪਰ ਅਫਸੋਸ ਸਥਿਤੀ

ਵਿਚ ਕੋਈ ਸੁਧਾਰ ਨਹੀਂ ਹੈ। ਅੱਜ ਵੀ ਪ੍ਰਦੇਸ਼ ਦੋ ਟੋਟਿਆਂ ਵਿਚ ਵੰਡਿਆ ਹੋਇਆ ਹੈ। ਘਰ ਸੜ ਰਹੇ ਹਨ, ਮਾਸੂਮ ਜਿ਼ਦਗੀਆਂ ਖਤਰੇ ਵਿਚ ਹਨ ਅਤੇ ਹਜਾਰਾਂ ਪਰਿਵਾਰ ਰਾਹਤ ਕੈਂਪਾਂ ਵਿਚ ਜਿ਼ਦਗੀ ਕੱਟਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਖੁਦ ਮਣੀਪੁਰ ਆ ਕੇ ਪ੍ਰਦੇਸ਼ ਵਾਸੀਆਂ ਦੀ ਤਕਲੀਫ ਸੁਣਨ ਨਾਲ ਹੀ ਸ਼ਾਂਤੀ ਦੀ ਅਪੀਲ ਕਰਨੀ ਚਾਹੀਦੀ ਹੈ।

## ਅਗਨੀਵੀਰਾਂ ਨੂੰ ਕੇਂਦਰ ਸਰਕਾਰ ਦਾ ਵੱਡਾ ਤੋਹਫਾ

ਨਵੀਂ ਦਿੱਲੀ 11 ਜੁਲਾਈ। ਸੰਸਦ ਵਿੱਚ ਉਠੇ ਅਗਨੀਵੀਰ ਮੁੱਦੇ ਤੋਂ ਬਾਅਦ ਇਹ ਮਸਲਾ ਲਗਾਤਾਰ ਚਰਚਾ ਵਿੱਚ ਬਣਿਆ ਹੋਇਆ ਹੈ। ਇਸ ਦੌਰਾਨ ਅਗਨੀਵੀਰਾਂ ਲਈ ਵੱਡੀ ਖਬਰ ਸਾਹਮਣੇ ਆਈ ਹੈ। ਕੇਂਦਰ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਾਬਕਾ ਅਗਨੀਵੀਰਾਂ ਲਈ 10 ਫੀਸਦੀ ਅਸਾਮੀਆਂ ਸੀ.ਆਈ.ਐੱਸ.ਐੱਫ. ਲਈ ਰਾਖਵੀਆਂ ਕਰੇਗੀ। ਸੀ.ਆਈ.ਐੱਸ.ਐਫ. ਨੇ ਇਸ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਇਸ ਫੈਸਲੇ ਦੇ ਆਧਾਰ 'ਤੇ ਸੀ.ਆਈ.ਐੱਸ.ਐੱਫ. ਜਲਦੀ ਹੀ ਭਰਤੀ ਲਈ ਇਨ੍ਹਾਂ ਨਿਯਮਾਂ ਨੂੰ ਲਾਗੂ ਕਰੇਗੀ। ਇਸ ਮਾਮਲੇ ਬਾਰੇ ਬੀ.ਐੱਸ.ਐੱਫ. ਦੇ ਡੀ.ਜੀ. ਨਿਤਿਨ ਅਗਰਵਾਲ ਨੇ ਕਿਹਾ ਕਿ ਅਸੀਂ ਸਿਪਾਹੀਆਂ ਨੂੰ ਤਿਆਰ ਕਰ ਰਹੇ ਹਾਂ, ਇਸ ਤੋਂ ਵਧੀਆ ਹੋਰ ਕੁਝ ਨਹੀਂ ਹੋ ਸਕਦਾ। ਇਸ ਦਾ ਫਾਇਦਾ ਸਾਰੀਆਂ ਤਾਕਤਾਂ ਨੂੰ ਮਿਲੇਗਾ। ਸਾਬਕਾ ਅਗਨੀਵੀਰਾਂ ਨੂੰ ਭਰਤੀ ਵਿੱਚ 10 ਫੀਸਦੀ ਰਾਖਵਾਂਕਰਨ ਮਿਲੇਗਾ। ਉਥੇ ਹੀ ਸੀ.ਆਈ.ਐੱਸ.ਐੱਫ ਦੇ ਡਾਇਰੈਕਟਰ ਜਨਰਲ ਨੀਨਾ ਸਿੰਘ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲਾ ਨੇ ਕੇਂਦਰੀ ਹਥਿਆਰਬੰਦ ਪੁਲਸ ਬਲਾਂ

ਵਿੱਚ ਸਾਬਕਾ ਅਗਨੀਵੀਰਾਂ ਦੀ ਭਰਤੀ ਲਈ ਇੱਕ ਵੱਡਾ ਕਦਮ ਚੁੱਕਿਆ ਹੈ। ਇਸ ਨੂੰ ਲੈ ਕੇ ਸੀ.ਆਈ.ਐੱਸ.ਐੱਫ. ਨੇ ਵੀ ਸਾਰੇ ਇੰਤਜਾਰ ਕਰ ਲਏ ਹਨ। ਕਾਂਸਟੇਬਲਾਂ ਦੀਆਂ 10 ਫੀਸਦੀ ਅਸਾਮੀਆਂ ਸਾਬਕਾ ਅਗਨੀਵੀਰਾਂ ਲਈ ਰਾਖਵੀਆਂ ਹੋਣਗੀਆਂ, ਨਾਲ ਹੀ, ਉਨ੍ਹਾਂ ਨੂੰ ਸਰੀਰਕ ਕੁਸਲਤਾ ਟੈਸਟ ਵਿੱਚ ਛੋਟ ਦਿੱਤੀ ਜਾਵੇਗੀ।

## ਬ੍ਰਿਕਸ ਸੰਸਦੀ ਮੰਚ ਦੀ ਬੈਠਕ 'ਚ ਹਿੱਸਾ ਲੈਣ ਲਈ ਰੂਸ ਰਵਾਨਾ ਹੋਏ ਓਮ ਬਿਰਲਾ

ਨਵੀਂ ਦਿੱਲੀ 11 ਜੁਲਾਈ। ਲੋਕ 

# ਪੁਲਸ ਨੇ ਤਿੰਨ ਮੈਂਬਰੀ ਚੋਰ ਗਿਰੋਹ ਨੂੰ ਕੀਤਾ ਗ੍ਰਿਫਤਾਰ, ਸੋਨੇ ਦੇ ਗਹਿਣੇ, ਘੜੀਆਂ ਤੇ 9 ਮੋਬਾਈਲ ਬਰਾਮਦ

ਤਰਨਤਾਰਨ 11 ਜੁਲਾਈ। ਬੀਤੇ ਦਿਨੀਂ ਦੋ ਘਰਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਵੱਡੀ ਮਾਤਰਾ ਵਿਚ ਸੋਨੇ ਦੇ ਗਹਿਣੇ ਅਤੇ ਹੋਰ ਸਾਮਾਨ ਚੋਰੀ ਕਰਨ ਦੇ ਮਾਮਲੇ ਵਿਚ ਥਾਣਾ ਚੋਹਲਾ ਸਾਹਿਬ ਦੀ ਪੁਲਸ ਨੇ ਤਿੰਨ

ਮੈਂਬਰੀ ਗਿਰੋਹ ਨੂੰ ਗ੍ਰਿਫਤਾਰ ਕਰਦੇ ਹੋਏ ਉਨ੍ਹਾਂ ਪਾਸੋਂ ਲੱਖਾਂ ਰੁਪਏ ਦਾ ਸੋਨੇ ਦੇ ਗਹਿਣੇ ਅਤੇ ਕੀਮਤੀ ਘੜੀਆਂ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਪੁਲਸ ਵੱਲੋਂ ਤਿੰਨਾਂ ਮੁਲਜ਼ਮਾਂ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰ ਹਾਸਲ ਕੀਤੇ ਰਿਮਾਂਡ ਦੌਰਾਨ ਅਗਲੇਰੀ ਪੁੱਛਗਿੱਛ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਵਿਚ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ। ਐੱਸ. ਐੱਸ. ਪੀ. ਦਫਤਰ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਸ੍ਰੀ ਗੋਇੰਦਵਾਲ ਸਾਹਿਬ ਰਵੀ ਸ਼ੇਰ ਸਿੰਘ ਨੇ ਦੱਸਿਆ ਕਿ ਬੀਤੀ ਦੋ ਜੁਲਾਈ ਨੂੰ ਪਿੰਡ ਰਾਣੀਵਲਾਹ ਵਿਖੇ ਨਿਰਵੈਲ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਰਾਣੀਵਲਾਹ ਵੱਲੋਂ ਅਣਪਛਾਤੇ ਵਿਅਕਤੀਆਂ ਖਿ?ਲਾਫ ਇਕ ਕੇਸ ਦਰਜ ਕਰਵਾਇਆ ਗਿਆ ਸੀ ਕਿ ਉਸਦੇ ਘਰੋਂ ਅਣਪਛਾਤੇ ਵਿਅਕਤੀਆਂ ਵੱਲੋਂ ਅਲਮਾਰੀ ਅੰਦਰ ਪਏ ਸੋਨੇ ਦੇ ਗਹਿਣੇ ਨਕਦੀ ਮੋਬਾਈਲ ਫੋਨ ਅਤੇ ਹੋਰ ਵਸਤੂਆਂ ਚੋਰੀ ਕਰ ਲਈਆਂ ਗਈਆਂ ਹਨ, ਉਸੇ ਦਿਨ ਜਗਤਾਰ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਰਾਣੀਵਲਾਹ ਦੇ ਘਰੋਂ ਵੀ ਮੋਬਾਈਲ, ਘੜੀਆਂ ਅਤੇ ਹੋਰ ਸਾਮਾਨ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਸੀ। ਜਿਸ ਸਬੰਧੀ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਸੀ। ਡੀ. ਐੱਸ. ਪੀ. ਰਵੀ ਸ਼ੇਰ ਸਿੰਘ ਨੇ ਦੱਸਿਆ ਕਿ ਥਾਣਾ ਚੋਹਲਾ ਸਾਹਿਬ ਦੇ ਸਬ ਇੰਸਪੈਕਟਰ ਨਰੇਸ਼ ਕੁਮਾਰ ਦੀ ਟੀਮ ਵੱਲੋਂ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਕ ਮੁੱਖਬਰ ਖਾਸ ਵੱਲੋਂ ਦਿੱਤੀ ਗਈ ਇਤਲਾਹ ਤਹਿਤ ਰਾਜਨ ਪੁੱਤਰ ਬਲਵਿੰਦਰ ਸਿੰਘ, ਧਰਮਿੰਦਰ ਸਿੰਘ ਉਰਫ ਟੋਨੀ ਪੁੱਤਰ ਸੰਤੋਖ ਸਿੰਘ ਅਤੇ ਗਗਨਦੀਪ ਸਿੰਘ ਉਰਫ ਗੁਰਜੰਟ ਸਿੰਘ ਪੁੱਤਰ ਸੱਜਣ ਸਿੰਘ ਵਾਸੀਆਨ ਪਿੰਡ ਰਾਣੀਵਲਾਹ ਨੂੰ ਗ੍ਰਿਫਤਾਰ ਕਰਦੇ ਹੋਏ ਕੀਤੀ ਗਈ ਪੁੱਛਗਿਛ ਵਿਚ ਇਹ ਗੱਲ ਸਾਹਮਣੇ ਆਈ ਕਿ ਇਨ੍ਹਾਂ ਵੱਲੋਂ ਪਿੰਡ ਰਾਣੀਵਲਾਹ ਵਿਖੇ ਦੋ ਚੋਰੀਆਂ ਨੂੰ ਅੰਜਾਮ ਦਿੱਤਾ ਗਿਆ ਸੀ। ਉਨ੍ਹਾਂ ਨੇ ਦੱਸਿਆ ਕਿ ਤਿੰਨਾਂ ਮੁਲਜ਼ਮਾਂ ਪਾਸੋਂ ਕੀਤੀ ਗਈ ਬਰੀਕੀ ਨਾਲ ਪੁੱਛਗਿੱਛ ਦੌਰਾਨ ਇਨ੍ਹਾਂ ਪਾਸੋਂ ਸੋਨੇ ਦਾ ਇਕ ਗਜਰਾ, ਇਕ ਕੜਾ ,ਇਕ ਜੋੜਾ ਵੱਡੇ ਕਾਂਟੇ, ਇਕ ਜੋੜਾ ਛੋਟੀਆਂ ਵਾਲੀਆਂ, ਤਿੰਨ ਮੁੰਦਰੀਆਂ, ਇਕ ਜੋੜਾ ਛੋਟੇ ਕਾਂਟੇ, ਇਕ ਜੋੜਾ ਛੋਟੀਆਂ ਵਾਲੀਆਂ, ਇਕ ਕੋਕਾ, 9 ਮੋਬਾਈਲ ਫੋਨ, ਹੇਅਰ ਡਰਾਈਅਰ ਵਾਲੀਆਂ 4 ਮਸ਼ੀਨਾਂ, ਇਕ ਲੇਡੀਜ਼ ਪਰਸ ਅਤੇ 5 ਘੜੀਆਂ ਬਰਾਮਦ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰ ਅਗਲੇਰੀ ਪੁੱਛਗਿੱਛ ਕੀਤੀ ਜਾ ਰਹੀ ਹੈ, ਜਿਸ ਵਿਚ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ। ਇਸ ਮੌਕੇ ਥਾਣਾ ਚੋਹਲਾ ਸਾਹਿਬ ਦੇ ਮੁਖੀ ਸਬ ਇੰਸਪੈਕਟਰ ਰਾਜ ਕੁਮਾਰ, ਸਬ ਇੰਸਪੈਕਟਰ ਨਰੇਸ਼ ਕੁਮਾਰ ਤੋਂ ਇਲਾਵਾ ਹੋਰ ਕਰਮਚਾਰੀ ਮੌਜੂਦ ਸਨ।

## ਭਾਜਪਾ ਆਗੂ ਸੁਸ਼ੀਲ ਰਿੰਕੂ ਨੇ ਪਰਿਵਾਰ ਸਣੇ ਪਾਈ ਵੋਟ, ਦੱਸਿਆ ਵੋਟ ਪਾਉਣ ਕਿਉਂ ਨਹੀਂ ਘਰਾਂ 'ਚੋਂ ਨਿਕਲੇ ਰਹੇ ਲੋਕ

ਜਲੰਧਰ 11 ਜੁਲਾਈ। ਜਲੰਧਰ ਵੈਸਟ ਹਲਕੇ ਲਈ ਵੋਟਿੰਗ ਦਾ ਸਿਲਸਿਲਾ ਸਵੇਰੇ 7 ਵਜੇ ਤੋਂ ਲਗਾਤਾਰ ਜਾਰੀ ਹੈ, ਜੋਕਿ ਸ਼ਾਮ 6 ਵਜੇ ਤੱਕ ਜਾਰੀ ਰਹੇਗਾ। ਇਸੇ ਤਹਿਤ ਭਾਜਪਾ ਆਗੂ ਸੁਸ਼ੀਲ ਕੁਮਾਰ ਰਿੰਕੂ ਨੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਦੇ ਹੋਏ ਆਪਣੀ ਵੋਟ ਪਾਈ। ਰਿੰਕੂ ਇੰਡੂ ਜਰਮਨ ਸਕੂਲ ਵਿਚ ਬਣਾਏ ਗਏ ਪੋਲਿੰਗ ਬੂਥ 'ਤੇ ਪਰਿਵਾਰ ਨਾਲ ਵੋਟ ਪਾਉਣ ਪਹੁੰਚੇ। ਇਸ ਮੌਕੇ ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਸੁਸ਼ੀਲ ਰਿੰਕੂ ਨੇ ਕਿਹਾ ਕਿ ਵੋਟ ਪਾਉਣਾ ਸਾਡਾ ਮੌਲਿਕ ਅਧਿਕਾਰ ਹੈ ਅਤੇ ਹਰ ਇਕ ਨੂੰ ਵੋਟ ਪਾਉਣੀ ਚਾਹੀਦੀ ਹੈ। ਫੀਸਦੀ ਰੁਝਾਨਾਂ ਬਾਰੇ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਅਜੇ ਫੀਸਦੀ ਰੁਝਾਨ ਬੇਹੱਦ ਘੱਟ ਆ ਰਹੇ ਹਨ। ਉਨ੍ਹਾਂ ਕਿਹਾ ਕਿ ਅੱਤ ਦੇ ਗਰਮੀ ਹੋਣ ਕਾਰਨ ਅਤੇ ਵਰਕਿੰਗ ਡੇਅ ਹੋਣ ਕਾਰਨ ਵੋਟ ਫੀਸਦੀ ਘੱਟ ਆ ਰਹੀ ਹੈ। ਉਨ੍ਹਾਂ ਵੋਟਰਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਵੱਧ ਤੋਂ ਵੱਧ ਲੋਕ ਘਰਾਂ ਵਿਚੋਂ ਨਿਕਲ ਕੇ ਅਤੇ ਕੰਮਾਂਕਾਜਾਂ ਤੋਂ ਵੀ ਵੋਟ ਪਾਉਣ ਲਈ ਬੂਥਾਂ 'ਤੇ ਜਰੂਰ ਜਾਣ। ਉਥੇ ਹੀ ਰਿੰਕੂ ਵੱਲੋਂ ਵੈਸਟ ਹਲਕੇ ਵਿਚ ਸੀਵਰੇਜ ਸਣੇ ਕਈ ਸਮੱਸਿਆਵਾਂ ਨੂੰ ਲੈ ਕੇ ਆਮ ਆਦਮੀ ਪਾਰਟੀ 'ਤੇ ਨਿਸ਼ਾਨੇ ਸਾਧੇ ਗਏ।

## ਮੰਤਰੀ ਹਰਜੋਤ ਬੈਂਸ ਦੀ ਰਿਹਾਇਸ਼ 'ਤੇ ਪਹੁੰਚੇ ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ, ਪਰਿਵਾਰ ਨੇ ਲਿਆ ਅਸ਼ੀਰਵਾਦ

ਸ੍ਰੀ ਅਨੰਦਪੁਰ ਸਾਹਿਬ/ਚੰਡੀਗੜ੍ਹ 11 ਜੁਲਾਈ। ਡੇਰਾ ਬਿਆਸ ਮੁਖੀ ਸਤਿਕਾਰਯੋਗ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਨੇ ਕੈਬਿਨਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਸਰਕਾਰੀ ਰਿਹਾਇਸ਼ ਚੰਡੀਗੜ੍ਹ ਵਿਖੇ ਪਹੁੰਚ ਕੇ ਬੈਂਸ ਪਰਿਵਾਰ ਨੂੰ ਅਸ਼ੀਰਵਾਦ ਦਿੱਤਾ ਅਤੇ ਮਾਨਵਤਾ ਦੇ ਕਲਿਆਣ ਦਾ ਸੁਨੇਹਾ ਦਿੱਤਾ। ਇਸ ਮੌਕੇ ਬੈਂਸ ਪਰਿਵਾਰ ਦੇ ਮੈਂਬਰ ਜਯੋਤੀ ਯਾਦਵ ਆਈ. ਪੀ. ਐੱਸ. (ਪਤਨੀ), ਸੋਹਣ ਸਿੰਘ ਬੈਂਸ (ਪਿਤਾ), ਬਲਵਿੰਦਰ ਕੌਰ ਬੈਂਸ (ਮਾਤਾ) ਵੀ ਹਾਜ਼ਰ ਸਨ। ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਉਹ ਬਹੁਤ ਹੀ

ਭਾਗਾਂ ਵਾਲੇ ਹਨ, ਜਿਨ੍ਹਾਂ ਦੇ ਪਰਿਵਾਰ ਨੂੰ ਸਤਿਕਾਰਯੋਗ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਦਾ ਅਸ਼ੀਰਵਾਦ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਬਹੁਤ ਹੀ ਭਾਗਾਂ ਵਾਲਾ ਦਿਨ ਹੈ ਕਿ ਜਦੋਂ ਮਹਾਪੁਰਸ਼ਾਂ ਦੇ ਚਰਨ ਉਨ੍ਹਾਂ ਦੇ ਗ੍ਰਹਿ ਵਿਚ ਪਏ ਹਨ। ਬਾਬਾ ਜੀ ਨੇ ਆਪਣਾ ਅਸ਼ੀਰਵਾਦ ਦੇ ਕੇ ਸਾਡੇ ਪਰਿਵਾਰ ਦਾ ਮਾਣ ਵਧਾਇਆ ਅਹੈ ਅਤੇ ਉਨ੍ਹਾਂ ਦਾ ਪਰਿਵਾਰ ਆਪਣੇ ਆਪ ਨੂੰ ਬਹੁਤ ਹੀ ਖੁਸ਼ਕਿਸਮਤ ਵਾਲਾ ਮਹਿਸੂਸ ਕਰ ਰਿਹਾ ਹੈ। ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਸਮੁੱਚੀ ਲੋਕਾਈ ਵਿਚ ਸ਼ਾਂਤੀ ਅਤੇ ਸਦਭਾਵਨਾ ਬਣੀ ਰਹੇ।

## ਜਾਅਲੀ ਵੀਜ਼ੇ ਅਤੇ ਟਿਕਟਾਂ ਦੇ ਕੇ 2.98 ਲੱਖ ਦੀ ਠੱਗੀ ਮਾਰਨ ਵਾਲੇ 2 ਨਾਮਜਦ

ਬਟਾਲਾ 11 ਜੁਲਾਈ। ਜਾਅਲੀ ਵੀਜ਼ੇ ਅਤੇ ਜਾਅਲੀ ਟਿਕਟਾਂ ਦੇ ਕੇ 2.98 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ 2 ਏਜੰਟਾਂ ਖਿ?ਲਾਫ ਧੋਖਾਦੇਹੀ ਦਾ ਥਾਣਾ ਰੰਗੜ ਨੰਗਲ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ। ਇਸ ਸਬੰਧੀ ਏ. ਐੱਸ. ਆਈ. ਹਰਪਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਸਤਵਿੰਦਰਪਾਲ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਮੁਹੱਲਾ ਧਰਮਪੁਰਾ ਕਾਦੀਆਂ, ਹਰਪ੍ਰੀਤ ਸਿੰਘ ਪੁੱਤਰ ਨਰੇਣ ਸਿੰਘ ਵਾਸੀ ਕਾਦੀਆਂ ਅਤੇ

ਵਿਕਰਾਂਤ ਕੁਮਾਰ ਬਧਨ ਪੁੱਤਰ ਅਸ਼ਵਨੀ ਕੁਮਾਰ ਬਧਨ ਵਾਸੀ ਬਟਾਲਾ ਨੇ ਦਰਖਾਸਤ ਦਿੱਤੀ ਕਿ ਏਜੰਟ ਗੁਰਵਿੰਦਰ ਸਿੰਘ ਉਰਫ ਰਾਜੂ ਵਾਸੀ ਪਿੰਡ ਸ਼ਾਹਬਾਦ ਅਤੇ ਸੰਦੀਪ ਸਿੰਘ ਵਾਸੀ ਪਿੰਡ ਰਿਆੜ ਨੇ ਉਨ੍ਹਾਂ ਨੂੰ ਵਿਦੇਸ਼ ਸਿੰਗਾਪੁਰ ਵਰਕ ਪਰਮਿਟ 'ਤੇ ਭੇਜਣ ਦੀ ਬਜਾਏ ਜਾਅਲੀ ਵੀਜ਼ੇ ਅਤੇ ਜਾਅਲੀ ਟਿਕਟਾਂ ਦੇ ਕੇ ਉਨ੍ਹਾਂ ਨਾਲ 2 ਲੱਖ 98 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ। ਏ. ਐੱਸ. ਆਈ. ਨੇ ਦੱਸਿਆ ਕਿ ਉਕਤ ਮਾਮਲੇ ਦੀ ਜਾਂਚ ਏ. ਐੱਸ. ਆਈ. ਜਤਿੰਦਰ ਸਿੰਘ ਈ. ਓ. ਵਿੰਗ ਬਟਾਲਾ ਵੱਲੋਂ ਕੀਤੇ ਜਾਣ ਤੋਂ ਬਾਅਦ ਡੀ. ਐੱਸ. ਪੀ. ਤ੍ਰਿਪਤਾ ਸੂਦ ਪੁਲਸ ਕਰਾਈਮ ਐਂਡ ਅਗੇਂਸਟ ਵੂਮੈਨ ਐਂਡ ਚਿਲਡਰਨ ਬਟਾਲਾ ਦੇ ਹੁਕਮਾਂ 'ਤੇ ਅਤੇ ਐੱਸ. ਐੱਸ. ਪੀ. ਬਟਾਲਾ ਦੀ ਮਨਜੂਰੀ ਮਿਲਣ ਤੋਂ ਬਾਅਦ ਉਕਤ ਦੋਵਾਂ ਏਜੰਟਾਂ ਖਿਲਾਫ ਧਾਰਾ 420, 120-ਬੀ ਆਈ.ਪੀ.ਸੀ ਅਤੇ 10 ਇਮੀਗ੍ਰੇਸ਼ਨ ਐਕਟ ਤਹਿਤ ਥਾਣਾ ਰੰਗੜ ਨੰਗਲ ਵਿਖੇ ਧੋਖਾਦੇਹੀ ਕਰਨ ਦੇ ਕਥਿਤ ਦੋਸ਼ ਹੇਠ ਕੇਸ ਦਰਜ ਕਰ ਦਿੱਤਾ ਗਿਆ ਹੈ।

## ਬੁੱਢੇ ਨਾਲੇ ਦੀ ਸਫਾਈ ਵਿਚ ਅੜਿੱਕਾ ਪਾ ਰਹੀਆਂ ਕੂੜਾ ਸੁੱਟਣ ਤੋਂ ਰੋਕਣ ਦੇ ਨਾਂ 'ਤੇ ਲਗਾਈਆਂ ਕਰੋੜਾਂ ਦੀਆਂ ਜਾਲੀਆਂ

ਲੁਧਿਆਣਾ 11 ਜੁਲਾਈ। ਨਗਰ ਨਿਗਮ ਵੱਲੋਂ ਬੁੱਢੇ ਨਾਲੇ ਵਿਚ ਕੂੜਾ ਡਿੱਗਣ ਤੋਂ ਰੋਕਣ ਦੇ ਨਾਂ 'ਤੇ ਲਗਾਈਆਂ ਕਰੋੜਾਂ ਦੀਆਂ ਜਾਲੀਆਂ ਦੇ ਡਿਜਾਈਨ 'ਤੇ ਪਹਿਲੇ ਦਿਨ ਤੋਂ ਸਵਾਲ ਖੜ੍ਹੇ ਹੁੰਦੇ ਰਹੇ ਹਨ। ਹੁਣ ਇਹ ਜਾਲੀਆਂ ਬੁੱਢੇ ਨਾਲੇ ਦੀ ਸਫਾਈ ਵਿਚ ਅੜਿੱਕਾ ਪਾ ਰਹੀਆਂ ਹਨ। ਇਹ ਗੱਲ ਡੀ.ਸੀ. ਸਾਕਸ਼ੀ ਸਾਹਨੀ ਵੱਲੋਂ ਪਾਣੀ ਦੀ ਨਿਕਾਸੀ ਨਾ ਹੋਣ ਦੀ ਸਮਸਿਆ ਦਾ ਹੱਲ ਕਰਨ ਦੇ ਲਈ ਗਰਾਊਂਡ ਜ਼ੀਰੋ 'ਤੇ ਪੁੱਜਣ ਦੌਰਾਨ ਸਾਹਮਣੇ ਆਈ ਹੈ। ਮਿਲੀ ਜਾਣਕਾਰੀ ਦੇ ਮੁਤਾਬਕ ਡੀ.ਸੀ. ਨੇ ਲਗਭਗ ਦੋ 2 ਮਹੀਨੇ ਪਹਿਲਾਂ ਮੀਟਿੰਗਾਂ ਦੌਰਾਨ ਅਤੇ ਲਿਖਤ ਰੂਪ ਵਿਚ ਆਰਡਰ ਜਾਰੀ ਕਰਨ ਦੇ ਬਾਵਜੂਦ ਹੁਣ ਤੱਕ ਬੁੱਢੇ ਨਾਲੇ ਦੀ ਸਫਾਈ ਦਾ ਕੰਮ ਪੂਰਾ ਨਾ ਹੋਣ ਨੂੰ ਲੈ ਕੇ ਨਾਰਾਜ਼ਗੀ ਜਤਾਈ ਹੈ। ਭਾਂਵੇ ਕਿ ਨਗਰ ਨਿਗਮ ਅਧਿਕਾਰੀਆਂ ਵੱਲੋਂ ਬੁੱਢੇ ਨਾਲੇ ਦੀ ਸਫਾਈ ਦੇ ਲਈ ਜ਼ੋਨ ਵਾਈਸ ਲਗਾਈ ਗਈ ਪੋਕਲੇਨ ਮਸ਼ੀਨਾਂ, ਜੇ.ਸੀ.ਬੀ ਅਤੇ ਟਿੱਪਰਾਂ ਦੇ ਰੈਗੂਲਰ ਕੰਮ ਕਰਨ ਦਾ ਦਾਅਵਾ ਕੀਤਾ ਗਿਆ ਹੈ, ਪਰ ਨਾਲ ਹੀ ਇਹ ਮੁੱਦਾ ਵੀ ਚੁੱਕਿਆ ਗਿਆ ਹੈ ਕਿ ਬੁੱਢੇ ਨਾਲੇ 'ਚ ਕੂੜਾ ਡਿੱਗਣ ਤੋਂ ਰੋਕਣ ਦੇ ਨਾਂ 'ਤੇ ਸਮਾਰਟ ਸਿਟੀ ਮਿਸ਼ਨ ਦੇ ਫੰਡ ਵਿਚ ਲਗਾਈਆਂ ਕਰੋੜਾਂ ਦੀਆਂ ਜਾਲੀਆਂ ਹੁਣ ਸਫਾਈ ਦਾ ਅੜਿੱਕਾ ਪਾ ਰਹੀਆਂ ਹਨ। ਇਹ ਗੱਲ ਡੀ.ਸੀ. ਆਰਡਰ 'ਤੇ ਤਾਜਪੁਰ ਰੋਡ ਦੇ

ਨਾਲ ਲੱਗਦੇ ਏਰੀਆ ਵਿਚ ਬੁੱਢੇ ਨਾਲੇ ਦੇ ਕਿਨਾਰੇ 'ਤੇ ਜਾਇਜਾ ਲੈਣ ਪੁੱਜੇ ਜ਼ੋਨਲ ਕਮਿਸ਼ਨਰ ਨੀਰਜ ਜੈਨ ਦੀ ਵਿਜੀਟ ਦੇ ਦੌਰਾਨ ਵੀ ਸਾਹਮਣੇ ਆਈ। ਜਿੱਥੇ ਕਿਨਾਰੇ ਲੱਗੀਆਂ ਜਾਲੀਆਂ ਦੇ ਉੱਪਰ ਤੋਂ ਪੋਕਲੇਨ ਮਸ਼ੀਨਾਂ ਦੇ ਜਰੀਏ ਬੁੱਢੇ ਨਾਲੇ ਦੀ ਸਫਾਈ ਕਰਨ ਵਿਚ ਆ ਰਹੀ ਰੁਕਾਵਟ ਨੂੰ ਦੂਰ ਕਰਨ ਦੇ ਲਈ ਫੀਲਡ ਸਟਾਫ ਨੂੰ ਕਾਫੀ ਮੱਥਾਪੱਚੀ ਕਰਨੀ ਪੈ ਰਹੀ ਹੈ। ਬੁੱਢੇ ਨਾਲੇ ਦੀ ਸਫਾਈ ਦੇ ਇਲਾਵਾ ਬਾਰਿਸ਼ ਦੇ ਮੌਸਮ ਵਿਚ ਪਾਣੀ ਓਵਰਫਲੋਅ ਹੋ ਕੇ ਨਾਲ ਲੱਗਦੇ ਇਲਾਕੇ ਵਿਚ ਵੜਨ ਵਿਚ ਰੋਕਣ ਦੇ ਲਈ ਕਿਨਾਰਿਆਂ ਨੂੰ ਪੱਕਾ ਕਰਨ ਦਾ ਕੰਮ ਵੀ ਜਲਦ ਹੁਣ ਤੱਕ ਪੂਰਾ ਨਹੀਂ ਹੋਇਆ ਹੈ। ਜਿਸ ਦੇ ਲਈ ਡੀ.ਸੀ ਅਤੇ ਨਗਰ ਨਿਗਮ ਕਮਿਸ਼ਨਰ ਸੰਦੀਪ ਰਿਸ਼ੀ ਵਲੋਂ ਲਗਭਗ ਦੋ ਮਹੀਨੇ ਪਹਿਲਾ ਮੀਟਿੰਗ ਦੇ ਦੌਰਾਨ ਅਤੇ ਲਿਖਤ ਰੂਪ ਵਿਚ ਆਰਡਰ ਜਾਰੀ ਕੀਤਾ ਗਿਆ ਸੀ ਪਰ ਹੁਣ ਕਮਿਸ਼ਨਰ ਦੇ ਛੁੱਟੀ 'ਤੇ ਜਾਣ ਦੀ ਵਜ੍ਹਾ ਨਾਲ ਨਗਰ ਨਿਗਮ ਦਾ ਚਾਰਜ ਸੰਭਾਲ ਰਹੀ ਡੀ.ਸੀ ਵਲੋਂ ਕੀਤੀ ਗਈ ਵਿਜੀਟ ਦੇ ਦੌਰਾਨ ਕਿਨਾਰਿਆਂ ਨੂੰ ਪੱਕਾ ਕਰਨ ਦੇ ਮਾਮਲੇ ਵਿਚ ਬੀ ਐਂਡ ਆਰ ਬਰਾਂਚ ਦੇ ਅਧਿਕਾਰੀਆਂ ਦੀ ਲਾਪਰਵਾਹੀ ਸਾਹਮਣੇ ਆਈ ਹੈ। ਜਿਸ ਵਿਚ ਤਾਜਪੁਰ ਰੋਡ ਦੇ ਨਾਲ ਲੱਗਦੇ ਏਰੀਆ ਦੇ ਪੁਆਇੰਟ ਮੁੱਖ ਰੂਪ ਵਿਚ ਸ਼ਾਮਲ ਹਨ ਜਿੱਥੇ ਪਿਛਲੀ ਵਾਰ ਬਾਰਿਸ਼ ਦੇ ਬਾਅਦ ਬੁੱਢੇ ਨਾਲੇ ਦਾ ਪਾਣੀ ਓਵਰਫਲੋਅ ਹੋ ਕੇ ਨਾਲ ਲੱਗਦੇ ਇਲਾਕੇ ਵਿਚ ਵੜਨ ਦੀ ਵਜ੍ਹਾ ਨਾਲ ਲੋਕਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਪਿਆ ਸੀ।

## ਕਿਸਾਨ ਦੇ ਖੇਤਾਂ 'ਚ ਲੱਗੇ 200 ਦੇ ਕਰੀਬ ਪਾਪੂਲਰ ਦੇ ਬੂਟੇ ਤੋੜਨ ਵਾਲੇ ਵਿਅਕਤੀਆਂ ਖਿਲਾਫ ਮਾਮਲਾ ਦਰਜ

ਪੁਰਾਣਾ ਸਾਲਾ/ਦੀਨਾਨਗਰ 11 ਜੁਲਾਈ। ਪੁਰਾਣਾ ਸਾਲਾ ਪੁਲਸ ਵੱਲੋਂ ਇੱਕ ਕਿਸਾਨ ਦੇ ਖੇਤਾਂ 'ਚ ਲੱਗੇ 200 ਦੇ ਕਰੀਬ ਪਾਪੂਲਰ ਦੇ ਬੂਟੇ ਤੋੜਨ ਵਾਲੇ ਦੋ ਵਿਅਕਤੀਆਂ ਸਮੇਤ 10 ਤੋਂ 15 ਅਣਪਛਾਤੇ ਵਿਅਕਤੀਆਂ ਖਿ?ਲਾਫ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੁਲਸ ਦੇ ਜਾਂਚ ਅਧਿਕਾਰੀ ਮੁਤਾਬਕ ਬਲਜਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਗਹੋਤ ਪੋਕਰ ਥਾਣਾ ਤਿੱਬੜ ਨੇ ਪੁਲਸ ਨੂੰ ਦਿੱਤੀ ਸਿ?ਕਾਇਤ

ਵਿੱਚ ਦੱਸਿਆ ਕਿ ਮੇਰੀ ਜਮੀਨ ਪਿੰਡ ਜਵਾਲਪੁਰ ਬੇ-ਚਰਾਗ ਹਦਬਸਤ ਨੰਬਰ 643 ਵਿੱਚ ਹੈ। ਮੈਂ ਆਪਣੀ ਜਮੀਨ ਵਿੱਚ 200 ਪਾਪੂਲਰ ਦੇ ਬੂਟੇ ਲਗਾਏ ਹੋਏ ਸਨ, ਜਿਨ੍ਹਾਂ ਨੂੰ ਤੋੜ ਕੇ ਨੁਕਸਾਨ ਕਰ ਦਿੱਤਾ ਗਿਆ ਹੈ। ਪੁਲਸ ਨੇ ਜਾਂਚ ਪੜਤਾਲ ਕਰਨ ਉਪਰੰਤ ਮੁੱਦਈ ਦੇ ਬਿਆਨਾਂ ਦੇ ਆਧਾਰ 'ਤੇ ਰਾਜਵਿੰਦਰ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਭੈਣੀ ਪਸਵਾਲ ਥਾਣਾ ਭੈਣੀ ਮੀਆ ਖਾਂ ਅਤੇ ਪ੍ਰਸ਼ੋਤਮ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਖਿੱਚਿਆ ਥਾਣਾ ਮੁਕੇਰੀਆਂ ਜਿ?ਲ੍ਹਾ ਹੁਸਿ?ਆਰਪੁਰ ਅਤੇ 10/15 ਨਾ- ਮਲੂਮ ਵਿਅਕਤੀਆਂ ਖਿ?ਲਾਫ ਵੱਖ -ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰ

## ਖੁਰਾਕ ਸੁਰੱਖਿਆ, ਕਿਸਾਨਾਂ ਦੇ ਮੁੱਦਿਆਂ ਦਾ ਸਥਾਈ ਹੱਲ ਚਾਹੁੰਦੈ ਭਾਰਤ

ਨਵੀਂ ਦਿੱਲੀ 11 ਜੁਲਾਈ। ਵਿਸਵ ਵਪਾਰ ਸੰਗਠਨ () ਦੀ ਬੈਠਕ 'ਚ ਭਾਰਤ ਖੁਰਾਕ ਸੁਰੱਖਿਆ ਲਈ ਅਨਾਜ ਦੇ ਜਨਤਕ ਭੰਡਾਰਨ 'ਤੇ ਜੋਰ ਦੇਵੇਗਾ ਅਤੇ ਮਛੇਰਿਆਂ ਅਤੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਸਥਾਈ ਹੱਲ ਕੱਢੇਗਾ। ਵਿਸਵ ਵਪਾਰ ਸੰਗਠਨ ਦੀ ਮੰਤਰੀ ਪੱਧਰੀ ਬੈਠਕ ਮੰਗਲਵਾਰ ਤੋਂ ਸੁਰੂ ਹੋ ਰਹੀ ਹੈ। ਭਾਰਤ ਮੀਟਿੰਗ ਵਿਚ ਨਿਵੇਸ ਸਹੂਲਤ ਸਮਝੌਤੇ ਲਈ ਚੀਨ ਦੀ ਅਗਵਾਈ ਵਾਲੇ ਪ੍ਰਸਤਾਵ ਦਾ ਵੀ ਸਖਤ ਵਿਰੋਧ ਕਰੇਗਾ। ਭਾਰਤੀ ਵਫਦ ਦੀ ਅਗਵਾਈ ਵਣਜ ਅਤੇ ਉਦਯੋਗ ਮੰਤਰੀ ਪੀਯੂਸ ਗੋਇਲ ਕਰ ਰਹੇ ਹਨ। ਚਾਰ ਰੋਜਾ 13ਵੀਂ ਮੰਤਰੀ ਪੱਧਰੀ ਕਾਨਫਰੰਸ (13) 26 ਫਰਵਰੀ ਨੂੰ ਅਬੂ ਧਾਬੀ, ਸੰਯੁਕਤ ਅਰਬ ਅਮੀਰਾਤ () ਵਿਚ ਸੁਰੂ ਹੋਵੇਗੀ। 164 ਮੈਂਬਰ ਦੇਸਾਂ ਦੇ ਵਪਾਰ ਮੰਤਰੀ ਲਾਲ ਸਾਗਰ ਸੰਕਟ, ਯੂਕਰੇਨ-ਰੂਸ ਯੁੱਧ ਅਤੇ ਇਜਰਾਈਲ-ਹਮਾਸ ਸੰਘਰਸ ਦੇ ਕਾਰਨ ਅਨਿਸਚਿਤ ਵਿਸਵ ਆਰਥਿਕ ਸਥਿਤੀਆਂ ਦੇ ਪਿਛੋਕੜ ਦੇ ਖਿਲਾਫ ਬੈਠਕ ਕਰ ਰਹੇ ਹਨ। ਭਾਰਤ ਮੀਟਿੰਗ ਵਿੱਚ ਆਪਣੇ ਹਿੱਤਾਂ ਦੇ ਮੁੱਦੇ ਪੂਰੀ ਤਾਕਤ ਨਾਲ ਉਠਾਏਗਾ। ਇਨ੍ਹਾਂ ਮੁੱਦਿਆਂ ਵਿੱਚ ਖੁਰਾਕ ਸੁਰੱਖਿਆ, ਖੇਤੀਬਾੜੀ ਸੁਧਾਰ, ਮੱਛੀ ਪਾਲਣ ਸਬਸਿਡੀਆਂ, ਵਿਵਾਦ ਨਿਪਟਾਰਾ ਅਤੇ ਵਿਸਵ ਵਪਾਰ ਸੰਗਠਨ ਸੁਧਾਰ ਸਾਮਲ ਹਨ। ਭਾਰਤ ਖੁਰਾਕ ਸੁਰੱਖਿਆ ਲਈ ਆਪਣੇ ਘੱਟੋ-ਘੱਟ ਸਮਰਥਨ ਮੁੱਲ () ਪ੍ਰੋਗਰਾਮ ਦੇ ਮੁੱਦੇ ਦਾ ਸਥਾਈ ਹੱਲ ਚਾਹੁੰਦਾ ਹੈ। ਪਬਲਿਕ ਸਟੋਰੇਜ () ਪ੍ਰੋਗਰਾਮ ਇਕ ਨੀਤੀਗਤ ਪਹਿਲਕਦਮੀ ਹੈ, ਜਿਸ ਦੇ ਤਹਿਤ ਸਰਕਾਰ ਕਿਸਾਨਾਂ ਤੋਂ ਚੌਲ ਅਤੇ ਕਣਕ ਵਰਗੀਆਂ ਫਸਲਾਂ ਨੂੰ 'ਤੇ ਖਰੀਦਦੀ ਹੈ ਅਤੇ ਗਰੀਬਾਂ ਨੂੰ ਅਨਾਜ ਵੰਡਦੀ ਹੈ। ਦੂਜੇ ਪਾਸੇ ਖੇਤੀਬਾੜੀ 'ਤੇ ਸਮਝੌਤਾ ਘੱਟੋ-ਘੱਟ ਸਮਰਥਨ ਮੱਲ 'ਤੇ ਅਨਾਜ ਖਰੀਦਣ ਦੀ ਸਰਕਾਰ ਦੀ ਸਮਰੱਥਾ ਨੂੰ ਸੀਮਤ ਕਰਦਾ ਹੈ। ਇਸ ਮੁੱਦੇ ਨੂੰ ਹੱਲ ਕਰਨ ਲਈ ਭਾਰਤ ਨੇ ਖੁਰਾਕ ਸਬਸਿਡੀ ਸੀਮਾ ਦੀ ਗਣਨਾ ਕਰਨ ਲਈ ਵਰਤੇ ਜਾਂਦੇ ਫਾਰਮੂਲੇ ਵਿਚ ਸੋਧ ਵਰਗੇ ਉਪਾਅ ਕਰਨ ਲਈ ਕਿਹਾ ਹੈ।

# ਮੰਦੀ ਦੀ ਲਪੇਟ 'ਚ ਚੀਨ, ਆਪਣੇ ਸਿਖਰ 'ਤੇ ਪੁੱਜੀ ਬੇਰੁਜਗਾਰੀ, ਲੋਕਾਂ ਨੂੰ ਨਹੀਂ ਮਿਲ ਰਹੀਆਂ ਨੌਕਰੀਆਂ

ਬਿਜਨੈੱਸ ਡੈਸਕ 11 ਜੁਲਾਈ। ਚੀਨ ਲੰਬੇ ਸਮੇਂ ਤੋਂ ਵਿਸਵ ਵਿਕਾਸ ਦਾ ਇੰਜਣ ਰਿਹਾ ਹੈ। ਦੁਨੀਆ ਦੀ ਇਸ ਸਭ ਤੋਂ ਵੱਡੀ ਅਰਥਵਿਵਸਥਾ ਨੂੰ ਦੁਨੀਆ ਦੀ ਫੈਕਟਰੀ ਕਿਹਾ ਜਾਂਦਾ ਹੈ ਪਰ ਹੁਣ ਚੀਨ ਦੀ ਹਾਲਤ ਬਹੁਤ ਖਰਾਬ ਹੈ। ਚੀਨ ਦੀ ਅਰਥਵਿਵਸਥਾ 'ਚ ਆਈ ਮੰਦੀ ਨੇ ਗਲੋਬਲ ਨੇਤਾਵਾਂ ਅਤੇ ਨਿਵੇਸਕਾਂ ਨੂੰ ਚਿੰਤਤ ਕਰ ਦਿੱਤਾ ਹੈ। ਚੀਨ ਦੇ ਸੇਅਰ ਬਾਜਾਰ 'ਚ ਲਗਾਤਾਰ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ। ਵਿਦੇਸੀ ਕੰਪਨੀਆਂ ਆਪਣੇ ਕਾਰੋਬਾਰ ਬੰਦ ਕਰਕੇ ਚੀਨ ਤੋਂ ਭੱਜ ਰਹੀਆਂ ਹਨ। ਵਿਦੇਸੀ ਨਿਵੇਸਕਾਂ ਨੇ ਵੀ ਹੱਥ ਪਿੱਛੇ ਖਿੱਚ ਲਏ ਹਨ। ਜਦੋਂ ਕੋਰੋਨਾ ਪੀਰੀਅਡ ਤੋਂ ਬਾਅਦ ਲੌਕਡਾਊਨ ਹਟਾਇਆ ਗਿਆ ਤਾਂ ਚੀਨ ਵਿੱਚ ਰੀਅਲ ਅਸਟੇਟ ਸੰਕਟ ਹੋਰ ਡੂੰਘਾ ਹੋ ਗਿਆ। ਉਥੋਂ ਦੇ ਲੋਕ ਬੇਰੁਜਗਾਰੀ ਅਤੇ ਮਹਿੰਗਾਈ ਨਾਲ ਜੂਝ ਰਹੇ ਹਨ। ਲੋਕ ਰੁਜਗਾਰ ਲਈ ਘਰ-ਘਰ ਭਟਕ ਰਹੇ ਹਨ। ਹੁਣ ਚੀਨ ਵਿੱਚ ਬੇਰੁਜਗਾਰਾਂ ਦੀ ਫੌਜ ਵਧ ਰਹੀ ਹੈ। ਚੀਨ ਦੇ ਆਰਥਿਕ ਹਾਲਤ ਤੇਜੀ ਨਾਲ ਖਰਾਬ ਹੋ ਰਹੀ ਹੈ। ਚੀਨ ਦੀ ਅਰਥਵਿਵਸਥਾ 'ਤੇ ਇਸ ਦਾ ਹੁਣ ਅਸਰ ਦਿਖਾਈ ਦੇ ਰਿਹਾ ਹੈ। ਚੀਨ ਵਿਚ ਮਜਦੂਰਾਂ ਦੇ ਵਿਰੋਧ ਪ੍ਰਦਰਸ਼ਨ ਤੇਜੀ ਨਾਲ ਵੱਧ ਰਹੇ ਹਨ। ਖਾਸ ਕਰਕੇ ਚੰਦਰ ਨਵੇਂ ਸਾਲ ਤੋਂ ਪਹਿਲਾਂ ਜੋ ਪਿਛਲੇ ਹਫਤੇ ਦੇਰ ਨਾਲ ਸੁਰੂ ਹੋਇਆ ਸੀ। ਮੀਡੀਆ ਰਿਪੋਰਟਾਂ ਦੇ ਅਨੁਸਾਰ



ਨਿਊਯਾਰਕ ਸਥਿਤ ਅੰਤਰਰਾਸ਼ਟਰੀ ਅਧਿਕਾਰ ਸਮੂਹ ਫ੍ਰੀਡੰਮ ਹਾਊਸ ਦੇ ਚੀਨ ਵਿਚ ਵਿਰੋਧ ਪ੍ਰਦਰਸ਼ਨਾਂ 'ਤੇ ਨਜਰ ਰੱਖਣ ਵਾਲੇ ਚਾਈਨਾ ਅਸਹਿਮਤੀ ਮਾਨੀਟਰ ਦੁਆਰਾ ਇਕੱਠੇ ਕੀਤੇ ਗਏ ਅੰਕੜਿਆ ਦੇ ਅਨੁਸਾਰ 2022 ਦੀ ਇਸੇ ਮਿਆਦ ਦੇ ਮੁਕਾਬਲੇ ਵਿਚ 2023 ਦੀ ਚੌਥੀ ਤਿਮਾਹੀ ਵਿਚ ਮਜਦੂਰਾਂ ਦਾ ਵਿਰੋਧ ਤਿੰਨ ਗੁਣਾ ਤੋਂ ਜ?ਿਆਦਾ ਵੱਧ ਗਿਆ। ਮਜਦੂਰਾਂ ਦੇ ਵਿਰੋਧ ਨੂੰ ਅਕਸਰ ਉਜਰਤ ਵਿਵਾਦਾਂ ਅਤੇ ਪੇਸੇਵਾਰ ਸੁਰੱਖਿਆ ਨਾਲ ਜੋੜਿਆ ਜਾਂਦਾ ਹੈ। ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਚੀਨ ਨੂੰ ਵੀ ਕਈ ਮੋਰਚਿਆਂ 'ਤੇ ਸੰਘਰਸ ਕਰਨਾ ਪੈ ਰਿਹਾ ਹੈ। ਦੇਸ 'ਚ ਬੇਰੁਜਗਾਰੀ ਸਿਖਰ 'ਤੇ ਹੈ, ਲੋਕ ਖਰਚ ਕਰਨ ਦੀ ਬਜਾਏ ਬੱਚਤ ਕਰਨ 'ਚ ਲੱਗੇ ਹੋਏ ਹਨ। ਰੀਅਲ ਅਸਟੇਟ ਡੂੰਘੀ ਮੁਸੀਬਤ ਵਿੱਚ ਹੈ। ਵਿਦੇਸੀ ਕੰਪਨੀਆਂ ਅਤੇ ਨਿਵੇਸਕ ਆਪਣਾ ਝੋਲਾ ਭਰ ਰਹੇ ਹਨ। ਨਿਵੇਸਕਾਂ ਦਾ ਹੁਣ ਚੀਨ ਤੋਂ ਮੋਹ ਭੰਗ ਹੋ ਰਿਹਾ ਹੈ, ਜੋ ਲਗਭਗ ਦੋ ਦਹਾਕਿਆਂ ਤੋਂ ਵਿਸਵ ਦਾ ਵਿਕਾਸ ਇੰਜਣ ਸੀ। ਆਉਣ ਵਾਲੇ ਸਾਲਾਂ ਵਿੱਚ ਚੀਨ ਦੀ ਆਰਥਿਕਤਾ ਵਿੱਚ ਲਗਾਤਾਰ ਗਿਰਾਵਟ ਆਉਣ ਦੀ ਸੰਭਾਵਨਾ ਹੈ। ਮੰਨਿਆ ਜਾ ਰਿਹਾ ਹੈ ਕਿ ਰੀਅਲ ਅਸਟੇਟ ਸੰਕਟ ਚੀਨ ਦੀ ਪੂਰੀ ਅਰਥਵਿਵਸਥਾ ਨੂੰ ਡੁੱਬ ਸਕਦਾ ਹੈ। ਚੀਨ ਦੇ ਜੀਡੀਪੀ ਵਿੱਚ ਰੀਅਲ ਅਸਟੇਟ ਦਾ ਯੋਗਦਾਨ ਲਗਭਗ 30 ਫੀਸਦੀ ਹੈ।

## ਸੁਖਨਾ ਝੀਲ 'ਚ ਸ਼ੱਕੀ ਹਾਲਾਤ 'ਚ ਮਿਲੀਆਂ ਮਰੀਆਂ ਹੋਈਆਂ ਮੱਛੀਆਂ

ਚੰਡੀਗੜ੍ਹ 11 ਜੁਲਾਈ। ਸੁਖਨਾ ਝੀਲ 'ਚ ਸ਼ੱਕੀ ਹਾਲਾਤ 'ਚ ਮੱਛੀਆਂ ਮਰੀਆਂ ਪਾਈਆਂ ਗਈਆਂ ਹਨ, ਜਿਨ੍ਹਾਂ ਦੇ ਸੈਂਪਲ ਲੈ ਕੇ ਲੈਬਾਰਟਰੀ 'ਚ ਭੇਜ ਦਿੱਤੇ ਗਏ ਹਨ। ਰਿਪੋਰਟ ਆਉਣ ਤੋਂ ਬਾਅਦ ਹੀ ਪਤਾ ਲੱਗ ਸਕੇਗਾ ਕਿ ਮੱਛੀਆਂ ਦੀ ਮੌਤ ਦਾ ਕਾਰਨ ਕੀ ਹੈ। ਸਾਰੀਆਂ ਮਰੀਆਂ ਮੱਛੀਆਂ ਰੈਗੂਲੇਟਰੀ ਐਂਡ ਦੇ ਨੇੜੇ ਪਾਈਆਂ ਗਈਆਂ ਹਨ, ਜਿਸ ਦੀ ਪੁਸ਼ਟੀ ਪਸ਼ੂ ਅਤੇ ਮੱਛੀ ਪਾਲਣ ਵਿਭਾਗ ਦੇ ਸੰਯੁਕਤ ਨਿਰਦੇਸ਼ਕ ਡਾ. ਕੰਵਲਜੀਤ ਸਿੰਘ ਨੇ ਵੀ ਕੀਤੀ ਹੈ। ਅਧਿਕਾਰੀ ਇਸ ਗੱਲ ਦੀ ਵੀ ਜਾਂਚ ਕਰ ਰਹੇ ਹਨ ਕਿ ਕੀ ਇਹ ਮੱਛੀਆਂ ਸੁਖਨਾ ਦੀਆਂ ਹਨ ਜਾਂ ਬਾਹਰੋਂ ਇੱਥੇ ਲਿਆਂਦੀਆਂ ਗਈਆਂ ਹਨ। ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਰਾਤ ਸਮੇਂ ਕੁੱਝ ਸ਼ਰਾਰਤੀ ਅਨਸਰਾਂ ਨੇ ਬਾਹਰੋਂ ਲਿਆਂਦੀਆਂ ਮੱਛੀਆਂ ਨੂੰ ਪਾਣੀ ਵਿਚ ਸੁੱਟ ਦਿੱਤਾ, ਜੋ ਕਿ ਅੱਤ ਦੀ ਠੰਡ ਕਾਰਨ ਮਰ ਗਈਆਂ ਹੋਣਗੀਆਂ। ਮੱਛੀ ਪਾਲਣ ਵਿਭਾਗ ਇਸ ਪੂਰੇ ਮਾਮਲੇ 'ਤੇ ਨਜ਼ਰ ਰੱਖ ਰਿਹਾ ਹੈ। ਜਦੋਂ ਤੋਂ ਇਹ ਮੱਛੀਆਂ ਪਾਈਆਂ ਗਈਆਂ ਹਨ, ਦੇਰ ਸ਼ਾਮ ਤੱਕ ਕੋਈ ਹੋਰ ਮਰੀ ਹੋਈ ਮੱਛੀ ਨਹੀਂ ਮਿਲੀ ਹੈ, ਜਿਸ ਤੋਂ ਬਾਅਦ ਵਿਭਾਗ ਨੇ ਫਿਲਹਾਲ ਮੱਛੀਆਂ ਵਿਚ ਕੋਈ ਬਿਮਾਰੀ ਫੈਲਣ ਤੋਂ ਇਨਕਾਰ ਕੀਤਾ ਹੈ। ਡਾ.ਕੰਵਲਜੀਤ ਸਿੰਘ ਅਨੁਸਾਰ 7 ਮਰੀਆਂ ਹੋਈਆਂ ਮੱਛੀਆਂ ਦੇ ਸੈਂਪਲ ਜਾਂਚ ਲਈ ਪੰਜਾਬ ਯੂਨੀਵਰਸਿਟੀ ਦੇ ਜੀਓਲਾਜ਼ੀ ਵਿਭਾਗ ਨੂੰ ਭੇਜੇ ਗਏ ਹਨ, ਜਿੱਥੋਂ 2 ਦਿਨਾਂ ਦੇ ਅੰਦਰ ਰਿਪੋਰਟ ਆਉਣ ਦੀ ਸੰਭਾਵਨਾ ਹੈ

# ਹੁਣ ਅਣਚਾਹੀਆਂ ਕਾਲਾਂ ਤੋਂ ਮਿਲੇਗੀ ਰਾਹਤ, ਸਰਕਾਰ ਚੁੱਕ ਰਹੀ ਹੈ ਇਹ ਖਾਸ ਕਦਮ

ਬਿਜਨੈੱਸ ਡੈਸਕ 11 ਜੁਲਾਈ। ਹੁਣ ਆਉਣ ਵਾਲੇ ਸਮੇਂ ਵਿੱਚ ਤੁਸੀਂ ਅਣਚਾਹੇ ਕਾਲਾਂ (ਸਪੈਮ ਕਾਲਾਂ) ਤੋਂ ਆਸਾਨੀ ਨਾਲ ਛੁਟਕਾਰਾ ਪਾ ਸਕਦੇ ਹੋ। ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ ਇੰਡੀਆ () ਨੇ ਕਾਲਰ ਨੇਮ ਪ੍ਰੈਜੈਂਟੇਸਨ () ਦੀ ਸਿਫਾਰਿਸ ਕੀਤੀ ਹੈ। ਇਸ ਵਿੱਚ ਤੁਹਾਨੂੰ ਵਰਗੀ ਸਹੂਲਤ ਮਿਲੇਗੀ। ਇਹ ਸੇਵਾ ਸੁਰੂ ਹੋਣ ਤੋਂ ਬਾਅਦ ਗਾਹਕ ਆਪਣੇ ਫੋਨ ਦੀ ਸਕਰੀਨ 'ਤੇ ਕਾਲਰ ਦਾ ਨਾਂ ਦੇਖ ਸਕਦੇ ਹਨ। ਇਸ ਦੇ ਨਾਲ ਹੀ ਟਰਾਈ ਨੇ ਕਿਹਾ ਹੈ ਕਿ ਸਰਕਾਰ ਨੂੰ ਇੱਕ ਨਿਸਚਿਤ ਮਿਤੀ ਤੋਂ ਬਾਅਦ ਭਾਰਤ ਵਿੱਚ ਵੇਚੇ ਜਾਣ ਵਾਲੇ ਸਾਰੇ ਫੋਨਾਂ ਵਿੱਚ ਸੀਐੱਨਏਪੀ ਯਾਨੀ ਕਾਲਰ ਨੇਮ

ਪ੍ਰੈਜੈਂਟੇਸਨ ਦੀ ਸਹੂਲਤ ਪ੍ਰਦਾਨ ਕਰਨ ਲਈ ਟੈਲੀਕਾਮ ਕੰਪਨੀਆਂ ਨੂੰ ਉਚਿਤ ਨਿਰਦੇਸ ਜਾਰੀ ਕਰਨੇ ਚਾਹੀਦੇ ਹਨ। ਮੋਬਾਈਲ ਫੋਨ ਕਨੈਕਸਨ ਪ੍ਰਾਪਤ ਕਰਨ ਸਮੇਂ ਭਰੇ ਜਾਣ ਵਾਲੇ ਗਾਹਕ ਅਰਜੀ ਫਾਰਮ () ਵਿੱਚ ਦਿੱਤੇ ਗਏ ਨਾਮ ਅਤੇ ਪਛਾਣ ਜਾਣਕਾਰੀ ਦੀ ਵਰਤੋਂ ਸੇਵਾ ਦੌਰਾਨ ਕੀਤੀ ਜਾ ਸਕਦੀ ਹੈ। ਮੌਜੂਦਾ ਸਮੇਂ 'ਚ ਦੇਸ 'ਚ , ਅਤੇ ਵਰਗੀਆਂ ਐਪਸ ਕਾਲਰ ਦੀ ਪਛਾਣ ਕਰਨ ਦੀ ਸੁਵਿਧਾ ਪ੍ਰਦਾਨ ਕਰਦੀਆਂ ਹਨ ਪਰ ਇਹ ਸੇਵਾ ਲੋਕਾਂ ਤੋਂ ਇਕੱਠੇ ਕੀਤੇ ਡੇਟਾ 'ਤੇ ਆਧਾਰਿਤ ਹੈ। ਇਹ ਹਮੇਸਾ ਭਰੋਸੇਮੰਦ ਨਹੀਂ ਹੁੰਦੀ ਹੈ ਪਰ ਕਾਲਰ ਨਾਮ ਪੇਸਕਾਰੀ ਅਣਚਾਹੇ ਕਾਲਾਂ ਤੋਂ ਛੁਟਕਾਰਾ ਪਾਉਣ ਵਿੱਚ ਲੋਕਾਂ ਦੀ ਕਾਫੀ ਮਦਦ ਕਰੇਗੀ। ਦੱਸ ਦੇਈਏ ਕਿ ਇਹ ਸਹੂਲਤ ਸਾਰੀਆਂ ਟੈਲੀਕਾਮ ਕੰਪਨੀਆਂ ਗਾਹਕ ਦੀ ਬੇਨਤੀ 'ਤੇ ਹੀ ਪ੍ਰਦਾਨ ਕਰਵਾਏਗੀ। ਅਜੇ ਤੱਕ ਮੋਬਾਈਲ 'ਤੇ ਕਾਲ ਕਰਨ ਵਾਲੇ ਵਿਅਕਤੀ ਦਾ ਨਾਂ ਲਿੱਖ ਕੇ ਨਹੀਂ ਆ ਰਿਹਾ। ਫਿਲਹਾਲ ਸਿਰਫ ਨੰਬਰ ਹੀ ਦਿਖਾਈ ਦੇ ਰਿਹਾ ਹੈ ਪਰ ਕਾਲਰ ਨੇਮ ਪ੍ਰੈਜੈਂਟੇਸਨ ਦੀ ਸੁਵਿਧਾ ਤੋਂ ਬਾਅਦ ਕਾਲ ਕਰਨ ਵਾਲੇ ਹਰ ਵਿਅਕਤੀ ਦਾ ਨਾਮ ਲੋਕਾਂ ਦੇ ਮੋਬਾਈਲ 'ਤੇ ਦਿਖਾਈ ਦੇਵੇਗਾ। ਅਜਿਹੇ 'ਚ ਲੋਕਾਂ ਨੂੰ ਅਣਚਾਹੇ ਕਾਲਾਂ ਤੋਂ ਕਾਫੀ ਹੱਦ ਤੱਕ ਰਾਹਤ ਮਿਲੇਗੀ। ਸਹੂਲਤ ਦੇ ਸੁਰੂ ਹੋਣ ਤੋਂ ਬਾਅਦ ਗਾਹਕ ਆਪਣੇ ਫੋਨ ਦੀ ਸਕਰੀਨ 'ਤੇ ਕਾਲਰ ਦਾ ਨਾਮ ਦੇਖ ਸਕਣਗੇ। ਟੈਲੀਕਾਮ ਰੈਗੂਲੇਟਰ ਨੇ ਸਿਫਾਰਿਸ ਕੀਤੀ ਕਿ ਸਾਰੇ ਐਕਸੈਸ ਸਰਵਿਸ ਪ੍ਰੋਵਾਈਡਰ ਬੇਨਤੀ 'ਤੇ ਆਪਣੇ ਟੈਲੀਫੋਨ ਗਾਹਕਾਂ ਨੂੰ ਸੇਵਾ ਪ੍ਰਦਾਨ ਕਰਨ। ਟਰਾਈ ਨੇ ਨਵੰਬਰ 2022 ਵਿੱਚ ਇਸ ਸਬੰਧ ਵਿੱਚ ਇੱਕ ਸਲਾਹ ਪੱਤਰ ਜਾਰੀ ਕੀਤਾ ਸੀ, ਜਿਸ ਵਿੱਚ ਹਿੱਸੇਦਾਰਾਂ, ਜਨਤਾ ਅਤੇ ਉਦਯੋਗ ਤੋਂ ਟਿੱਪਣੀਆਂ ਮੰਗੀਆਂ ਗਈਆਂ ਸਨ।

## ਅੱਧੀ ਰਾਤ ਨੂੰ ਚੱਲ ਰਹੀ ਸੀ ਨਜਾਇਜ ਮਾਈਨਿੰਗ, ਵਿਭਾਗ ਨੇ ਕੀਤੀ ਛਾਪੇਮਾਰੀ

ਬਮਿਆਲ/ਗੁਰਦਾਸਪੁਰ 11 ਜੁਲਾਈ। ਪਿਛਲੇ ਕੁਝ ਸਮੇਂ ਤੋਂ ਸਰਹੱਦੀ ਖੇਤਰ ਦੇ ਇਲਾਕੇ ਅੰਦਰ ਨਜਾਇਜ ਮਾਈਨਿੰਗ ਦਾ ਧੰਦਾ ਚੱਲ ਰਿਹਾ ਸੀ ਪਰ ਪੁਲਸ ਵੱਲੋਂ ਗੈਰ-ਕਾਨੂੰਨੀ ਮਾਈਨਿੰਗ ਨੂੰ ਨੱਥ ਪਾਉਣ ਲਈ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਦੇ ਚੱਲਦਿਆਂ ਵਿਭਾਗ ਵੱਲੋਂ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਵੀ ਕੀਤੀ ਜਾ ਰਹੀ ਹੈ। ਅੱਜ ਸੀ. ਆਈ. ਏ. ਸਟਾਫ ਅਤੇ ਮਾਈਨਿੰਗ ਵਿਭਾਗ ਨੂੰ ਥਾਣਾ ਤਾਰਾਗੜ੍ਹ ਅਧੀਨ ਪੈਂਦੇ ਇਲਾਕੇ ਮੈਰਾ ਕਲਾ ਵਿਖੇ ਚੱਲ ਰਹੇ ਇਕ ਕਰੈਸਰ ਦੇ ਮਾਲਕ ਵਲ੍ਹੋਂ ਪੁਲਸ ਦੇ ਕੁਝ ਮੁਲਾਜਮਾਂ ਨਾਲ ਮਿਲੀਭੁਗਤ ਕਰਕੇ ਕਰੈਸਰ ਦੇ ਕੋਲ ਰਾਤ ਦੇ ਹਨੇਰੇ 'ਚ ਪੋਕਲੇਨ ਮਸ਼ੀਨ ਦੀਆਂ ਲਾਈਟਾਂ ਦੀ ਰੋਸ਼ਨੀ 'ਚ ਗੈਰ-ਕਾਨੂੰਨੀ ਮਾਈਨਿੰਗ ਕਰਨ ਦੀ ਸੂਚਨਾ ਮਿਲੀ ਸੀ। ਇਸ ਦੇ ਚੱਲਦਿਆਂ ਬੀਤੀ ਰਾਤ ਸੀ. ਆਈ. ਏ. ਸਟਾਫ ਅਤੇ ਮਾਈਨਿੰਗ ਵਿਭਾਗ ਦੇ ਜ਼ਿਲ੍ਹਾ ਮਾਈਨਿੰਗ ਅਫਸਰ ਦਵਿੰਦਰ ਸਿੰਘ ਅਤੇ ਜੇ. ਈ. ਸੰਗਮਦੀਪ ਸਿੰਘ ਵਲ੍ਹੋਂ ਪੁਲਸ ਪਾਰਟੀ ਸਹਿਤ ਇਕ ਅਚਨਚੇਤ ਛਾਪੇਮਾਰੀ ਕੀਤੀ ਗਈ।

## ਮੋਹਾਲੀ ਪੁਲਸ ਵਲੋਂ ਜੱਗੂ ਭਗਵਾਨਪੁਰੀਆ ਦਾ ਗੁਰਗਾ ਗ੍ਰਿਫ਼ਤਾਰ, ਪਾਕਿ ਤੋਂ ਆਇਆ ਅਸਲ ਵੀ ਕੀਤਾ ਬਰਾਮਦ

ਮੋਹਾਲੀ 11 ਜੁਲਾਈ। ਜ?ਿਲ੍ਹਾ ਪੁਲਸ ਵਲੋਂ ਅਨਸਰਾਂ ਖ?ਿਲਾਫ ਚਲਾਈ ਮੁਹਿੰਮ ਤਹਿਤ 4 ਵਿਦੇਸ਼ੀ ਪਿਸਤੌਲਾਂ, 42 ਜ?ਿਂਦਾ ਰੌਂਦਾਂ ਅਤੇ ਇੱਕ ਫਾਰਚਿਊਨਰ ਕਾਰ ਸਮੇਤ ਇੱਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਣਕਾਰੀ ਮੁਤਾਬਕ ਥਾਣਾ ਸਿਟੀ ਖਰੜ 'ਚ ਦੋਸ਼ੀ ਗੁਰਇਕਬਾਲਮੀਤ ਸਿੰਘ ਉਰਫ ਰੋਬਿਨ ਪੁੱਤਰ ਗੁਰਮੀਤ ਸਿੰਘ ਵਾਸੀ ਪਿੰਡ ਹਾਸਾਵਾਲਾ, ਜ਼ਿਲ੍ਹਾ ਤਰਨਤਾਰਨ ਲੋੜੀਂਦਾ ਸੀ ਅਤੇ ਭਗੌੜਾ ਚੱਲ ਰਿਹਾ ਸੀ। ਉਸ ਨੂੰ ਟੈਕਨੀਕਲ ਅਤੇ ਹਿਊਮਨ ਸੋਰਸ ਰਾਹੀਂ ਟਰੇਸ ਕਰਕੇ ਰਾਜਸਥਾਨ ਤੋਂ ਕਾਬੂ ਕੀਤਾ ਗਿਆ। ਉਸ ਪਾਸੋਂ ਤਫਤੀਸ਼ ਦੌਰਾਨ ਹੁਣ ਤੱਕ ਪਾਕਿਸਤਾਨ ਬਾਰਡਰ ਤੋਂ ਡਰੋਨ ਰਾਹੀਂ ਆਏ 4 ਵਿਦੇਸ਼ੀ ਪਿਸਤੌਲ, 02 ਮੈਗਜੀਨ,

ਇੱਕ ਏਅਰਟੈਲ ਡੋਂਗਲ ਸਮੇਤ ਸਿੰਮ ਅਤੇ ਇੱਕ ਫਾਰਚਿਊਨਰ ਕਾਰ ਬਰਾਮਦ ਕੀਤੀ ਗਈ ਹੈ। ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਦੋਸ਼ੀ ਗੁਰਇਕਬਾਲਮੀਤ ਸਿੰਘ ਜਦੋਂ ਜੇਲ੍ਹ 'ਚ ਬੰਦ ਸੀ, ਉਸ ਸਮੇਂ ਉਹ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਸੰਪਰਕ 'ਚ ਆ ਗਿਆ ਸੀ। ਇਸ ਤੋਂ ਬਾਅਦ ਦੋਸ਼ੀ ਸਾਲ 2023 'ਚ ਜੇਲ੍ਹ 'ਚੋਂ ਜਮਾਨਤ 'ਤੇ ਬਾਹਰ ਆ ਗਿਆ ਸੀ ਅਤੇ ਭਗੌੜਾ ਹੋ ਗਿਆ ਸੀ। ਦੋਸ਼ੀ ਜੇਲ੍ਹ ਵਿੱਚੋਂ ਬਾਹਰ ਆਉਣ ਤੋਂ ਬਾਅਦ ਜੱਗੂ ਭਗਵਾਨਪੁਰੀਆ ਦੀ ਗੈਂਗ ਨੂੰ ਆਪਰੇਟ ਕਰ ਰਿਹਾ ਸੀ ਅਤੇ ਸੈਕਟਰ-115 ਖਰੜ 'ਚ ਆਪਣੇ ਸਾਥੀ ਜਗਮੀਤ ਸਿੰਘ ਅਤੇ ਗੁਰਸੇਵਕ ਸਿੰਘ ਨਾਲ ਕਿਰਾਏ 'ਤੇ ਰਹਿ ਰਿਹਾ ਸੀ। ਇੱਥੇ ਬੈਠ ਕੇ ਉਹ ਮਾਝੇ ਦੇ ਇਲਾਕੇ 'ਚ ਜੱਗੂ ਭਗਵਾਨਪੁਰੀਆ ਦਾ ਐਕਸਟੋਰਸ਼ਨ ਰੈਕਟ ਚਲਾ ਰਿਹਾ ਸੀ।

## ਅੰਮ੍ਰਿਤਪਾਲ ਦੀ ਮਾਤਾ ਨੇ ਹੈਰੀਟੇਜ ਸਟਰੀਟ 'ਤੇ ਲਾਇਆ ਪੱਕਾ ਮੋਰਚਾ

ਅੰਮ੍ਰਿਤਸਰ 11 ਜੁਲਾਈ। 'ਵਾਰਿਸ ਪੰਜਾਬ ਦੇ'ਜਥੇਬੰਦੀ ਦੇ ਮੁਖੀ ਅਤੇ ਖਾਲਿਸਤਾਨੀ ਸਮਰਥਕ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਸਬੰਧ

# ਪੜ੍ਹੇ-ਲਿਖਿਆਂ 'ਤੇ ਭਾਰੀ ਪੈਂਦੇ ਅਨਪੜ੍ਹ

ਮਾਰਚ 2017 ਦੇ ਤੀਜੇ ਜਾਂ ਚੌਥੇ ਹਫਤੇ ਦੀ ਗੱਲ ਹੈ। ਛੁੱਟੀ ਦਾ ਦਿਨ ਹੋਣ ਦੇ ਕਾਰਨ ਭਾਰਤੀ ਪ੍ਰਸ਼ਾਸਨਿਕ ਸੇਵਾ ਦੇ ਪ੍ਰਮੁੱਖ ਅਧਿਕਾਰੀ ਜੇ. ਸੀ. ਮੋਹੰਤੀ ਦੁਪਹਿਰ ਨੂੰ ਆਪਣੇ ਸਰਕਾਰੀ ਬੰਗਲੇ ਵਿਚ ਬਣੇ ਆਫਿਸ ਵਿਚ ਬੈਠੇ ਫਾਈਲਾਂ ਦੇਖ ਰਹੇ ਸਨ। ਉਹਨਾਂ ਦੇ ਮੇਜ ਤੇ ਫਾਈਲਾਂ ਦਾ ਢੇਰ ਲੱਗਿਆ ਹੋਇਆ ਸੀ। ਉਹ ਰਾਜਸਥਾਨ ਦੇ ਜਨ ਸਿਹਤ ਇੰਜੀਨੀਅਰਿੰਗ ਦੇ ਭੂਮ ਜਲ ਵਿਭਾਗ ਵਿਚ ਮੁੱਖ ਸਕੱਤਰ ਹਨ। ਉਹ ਪਾਣੀ ਦੇ ਮਹਿਕਮੇ ਨਾਲ ਜੁੜੇ ਹਨ ਅਤੇ ਇਸ ਵਕਤ ਗਰਮੀ ਦਾ ਮੌਸਮ ਚੱਲ ਰਿਹਾ ਸੀ। ਇਸ ਕਰਕੇ ਫਾਈਲਾਂ ਦੀ ਗਿਣਤੀ ਕਾਫੀ ਹੋ ਗਈ ਸੀ। ਉਹ ਫਾਈਲ ਤੇ ਸਬੰਧਤੀ ਅਧਿਕਾਰੀਆਂ ਦੁਆਰਾ ਲਿਖੀਆਂ ਗਈਆਂ ਟਿੱਪਣੀਆਂ ਨੂੰ ਧਿਆਨ ਨਾਲ ਪੜ੍ਹ ਰਹੇ ਸਨ ਕਿ ਅਚਾਨਕ ਉਹਨਾ ਦੇ ਮੋਬਾਇਲ ਤੇ ਘੰਟੀ ਵੱਜੀ। ਉਹਨਾਂ ਨੇ ਮੋਬਾਇਲ ਤੇ ਸਕ੍ਰੀਨ ਉਤੇ ਆਉਣ ਵਾਲੇ ਨੰਬਰਾਂ ਨੂੰ ਸਰਸਰੀ ਤੌਰ ਤੇ ਦੇਖਿਆ ਅਤੇ ਫਿਰ ਸਵਿੱਚ ਔਨ ਕਰਕੇ ਹੈਲੋ ਕਿਹਾ।

ਸਰ ਮੈਂ ਸਟੇਟ ਬੈਂਕ ਆਫ ਇੰਡੀਆ ਤੋਂ ਬੋਲ ਰਿਹਾ ਹੈ, ਫੋਨ ਕਰਨ ਵਾਲੇ ਨੇ ਕਿਹਾ।

ਹਾਂ ਦੱਸੋ, ਮੋਹੰਤੀ ਨੇ ਫਾਈਲ ਤੇ ਨਜ਼ਰਾਂ ਲਗਾਉਂਦੇ ਹੋਏ ਹੀ ਕਿਹਾ।

ਸਰ, ਤੁਹਾਨੂੰ ਪਤਾ ਹੀ ਹੋਵੇਗਾ ਕਿ ਇਕ ਅਪ੍ਰੈਲ ਤੋਂ ਸਟੇਟ ਬੈਂਕ ਆਫ ਬੀਕਾਨੇਰ ਐਂਡ ਜੈਪੁਰ ਸਮੇਤ ਦੇਸ਼ ਦੇ 5 ਬੈਂਕਾਂ ਦਾ ਐਸ. ਬੀ. ਆਈ. ਵਿਚ ਰਲੇਵਾਂ ਹੋ ਰਿਹਾ ਹੈ। ਤੁਹਾਡਾ ਖਾਤਾ ਐਸ. ਬੀ. ਬੀ. ਜੇ. ਵਿਚ ਹੈ। ਤੁਹਾਡੇ ਐਸ. ਬੀ. ਬੀ. ਜੇ. ਦੇ ਏ. ਟੀ. ਐਮ. ਕਾਰਡ ਦਾ ਵੈਰੀਫਿਕੇਸ਼ਨ ਕਰਨਾ ਹੈ ਤਾਂ ਜ ਉਸਨੂੰ ਐਸ. ਬੀ. ਆਈ. ਨਾਲ ਜੋੜਿਆ ਜਾ ਸਕੇ। ਦੂਜੇ ਪਾਸਿਉਂ ਫੋਨ ਕਰਨ ਵਾਲੇ ਨੇ ਨਪੇ-ਤੁਲੇ ਸ਼ਬਦਾਂ ਵਿਚ ਕਿਹਾ।

ਗੱਲ ਕਰਨ ਵਾਲੇ ਦਾ ਲਹਿਜ਼ਾ ਸਭਿਆ ਅਤੇ ਪ੍ਰੋਫੈਸ਼ਨਲ ਲੱਗਦਾ ਸੀ, ਇਸ ਕਰਕੇ ਜੇ. ਸੀ. ਮੁਹੰਤੀ ਨੇ ਪੁੱਛਿਆ, ਉਹ ਤਾਂ ਠੀਕ ਹੈ ਪਰ ਇਸ ਲਈ ਮੈਂ ਕੀ ਕਰਨਾ ਹੈ?

ਸਰ, ਤੁਸੀਂ ਤੁਹਾਡੇ ਏ. ਟੀ. ਐਮ. ਕਾਰਡ ਦਾ ਨੰਬਰ ਦੱਸ ਦਿਓ, ਫੋਨ ਕਰਨ ਵਾਲੇ ਨੇ ਕਿਹਾ।

ਬੈਂਕਾਂ ਦੇ ਰਲੇਵੇਂ ਦੀ ਗੱਲ ਤਾਂ ਮੋਹੰਤੀ ਨੂੰ ਪਤਾ ਸੀ ਕਿਉਂਕਿ ਰੋਜ਼ ਹੀ ਖਬਰਾਂ ਆ ਰਹੀਆਂ ਸਨ। ਇਸ ਕਰਕੇ ਉਹਨਾਂ ਨੇ ਟੇਬਲ ਤੇ ਰੱਖੇ ਆਪਣੇ ਪਰਸ ਤੋਂ ਸਟੇਟ ਬੈਂਕ ਆਫ ਬੀਕਾਨੇਰ ਐਂਡ ਜੈਪੁਰ ਦਾ ਏ. ਟੀ. ਐਮ. ਕਾਰਡ ਕੱਢ ਕੇ ਉਸ ਤੇ ਸਾਹਮਣੇ ਲਿਖੇ 12 ਅੰਕ ਫੋਨ ਕਰਨ ਵਾਲੇ ਨੂੰ ਦੱਸ ਦਿੱਤੇ। ਦੂਜੇ ਪਾਸਿਉਂ ਫੋਨ ਕਰਨ ਵਾਲੇ ਨੇ ਏ. ਟੀ. ਐਮ. ਕਾਰਡ ਨੰਬਰ ਨੋਟ ਕਰਦੇ ਹੋਏ ਦੁਬਾਰਾ ਬੋਲ ਕੇ ਕਨਫਰਮ ਕਰਦੇ ਹੋਏ ਕਿਹਾ, ਥੈਂਕਿਊ ਸਰ, ਤੁਹਾਡਾ ਇਕ ਮਿੰਟ ਹੋਰ ਲਿਆਂਗਾ। ਤੁਹਾਨੂੰ ਏ. ਟੀ. ਐਮ. ਕਾਰਡ ਦੇ ਪਿੱਛੇ ਲਿਖਿਆ ਸੀ. ਵੀ ਵੀ ਨੰਬਰ ਵੀ ਦੱਸਣਾ ਹੋਵੇਗਾ।

ਮੋਹੰਤੀ ਨੇ ਸੀਵੀਵੀ ਨੰਬਰ ਵੀ ਦੱਸ ਦਿੱਤਾ। ਇਸ ਤੋਂ ਬਾਅਦ ਫੋਨ ਕੱਟਿਆ ਗਿਆ ਤਾਂ ਉਹ ਫਿਰ ਤੋਂ ਆਪਣੇ ਕੰਮ ਵਿਚ ਰੁੱਝ ਗਿਆ। ਕੁਝ ਦੇਰ ਬਾਅਦ ਹੀ ਉਸ ਦੇ ਮੋਬਾਇਲ ਤੇ ਇਕ ਮੈਸੇਜ ਆਇਆ, ਉਸਨੇ ਮੈਸੇਜ ਦੇਖਿਆ ਤਾਂ ਉਸ ਵਿਚ ਓ. ਟੀ. ਪੀ. ਨੰਬਰ ਸੀ। ਉਸਨੂੰ ਉਸਨੇ ਆਪਣੀ ਡਾਇਰੀ ਵਿਚ ਨੋਟ ਕਰ ਲਿਆ।

ਮੈਸੇਜ ਆਉਣ ਤੋਂ ਕਰੀਬ 10 ਮਿੰਟ ਬਾਅਦ ਉਹਨਾਂ ਦੇ ਮੋਬਾਇਲ ਤੇ ਇਕ ਵਾਰ ਫਿਰ ਉਸ ਵਿਅਕਤੀ ਦਾ ਫੋਨ ਆਇਆ। ਉਸ ਨੇ ਕਿਹਾ, ਸਰ ਤੁਹਾਨੂੰ ਇਕ ਵਾਰ ਹੋਰ ਕਸ਼ਟ ਦੇ ਰਿਹਾ ਹਾਂ, ਤੁਹਾਡੇ ਮੋਬਾਇਲ ਤੇ ਓ. ਟੀ. ਪੀ. ਨੰਬਰ ਦਾ ਮੈਸੇਜ ਆਇਆ ਹੋਵੇਗਾ। ਇਸੇ ਓ. ਟੀ. ਪੀ. ਨੰਬਰ ਤੋਂ ਤੁਹਾਡੇ ਏ. ਟੀ. ਐਮ. ਕਾਰਡ ਅਤੇ ਬੈਂਕ ਖਾਤੇ ਦਾ ਵੈਰੀਫਿਕੇਸ਼ਨ ਕੀਤਾ ਜਾਵੇਗਾ। ਕਿਰਪਾ ਕਰਕੇ ਤੁਸੀਂ ਉਹ ਓ. ਟੀ. ਪੀ. ਨੰਬਰ ਦੱਸ ਦਿਓ ਤਾਂ ਜੋ ਤੁਹਾਡੇ ਖਾਤੇ ਅਤੇ ਏ. ਟੀ. ਐਮ. ਕਾਰਡ ਨੂੰ ਵੈਰੀਫਾਈ ਕਰਕੇ ਸਟੇਟ ਬੈਂਕ ਆਫ ਇੰਡੀਆ ਨਾਲ ਜੋੜ ਕੇ ਅਪਡੇਟ ਕੀਤਾ ਜਾ ਸਕੇ।

ਕੁਝ ਦੇਰ ਪਹਿਲਾਂ ਹੀ ਆਪਣੀ ਪ੍ਰਸਨਲ ਡਾਇਰੀ ਵਿਚ ਲਿਖਿਆ ਓ. ਟੀ. ਪੀ. ਨੰਬਰ ਜੇ. ਸੀ. ਮੋਹੰਤੀ ਨੇ ਫੋਨ ਕਰਨ ਵਾਲੇ ਨੂੰ ਦੱਸ ਦਿੱਤਾ ਅਤੇ ਆਪਣੇ ਕੰਮ ਵਿਚ ਰੁੱਝ ਗਿਆ। ਸਕੱਤਰੇਤ ਵਿਚ ਆਈ. ਏ. ਐਸ. ਅਧਿਕਾਰੀ ਦਾ ਜੀਵਨ ਬਹੁਤ ਬਿਜ਼ੀ ਹੁੰਦਾ ਹੈ। ਦਿਨ ਭਰ ਮੀਟਿੰਗਾਂ ਅਤੇ ਫਾਈਲਾਂ ਨਾਲ ਸਿਰ ਖਪਾਉਣਾ ਪੈਂਦਾ ਹੈ।

ਕਦੀ ਸਬੰਧਤ ਮੰਤਰੀ ਬੁਲਾ ਲੈਂਦੇ ਹਨ ਅਤੇ ਕਦੀ ਮੁੱਖ ਸਕੱਤਰ, ਮੁੱਖ ਮੰਤਰੀ ਆਫਿਸ ਨਾਲ ਵੀ ਦਿਨ ਵਿਚ 2-4 ਵਾਰ ਕਿਸੇ ਨਾ ਕਿਸੇ ਫਾਈਲ ਦੇ ਬਾਰੇ ਪੁੱਛਗਿੱਛ ਕੀਤੀ ਜਾਂਦੀ ਹੈ। ਵੈਸੇ ਵੀ ਉਹਨਾਂ ਦਿਨਾਂ ਵਿਚ ਰਾਜਸਥਾਨ ਵਿਧਾਨ ਸਭਾ ਦਾ ਬਜਟ ਸੈਸ਼ਨ ਚੱਲ ਰਿਹਾ ਸੀ, ਇਸ ਕਰਕੇ ਭੂਮੀ ਜਲ ਵਿਭਾਗ ਦੇ ਸਵਾਲਾਂ ਦੇ ਜਵਾਬ ਦੇ ਲਈ ਉਹਨਾਂ ਦਾ ਵਿਧਾਨ ਸਭਾ ਵਿਚ ਹਾਜ਼ਰ ਰਹਿਣਾ ਜ਼ਰੂਰੀ ਸੀ।

ਇਹਨਾਂ ਰੁਝੇਵਿਆਂ ਵਿਚਕਾਰ ਜੇ. ਸੀ. ਮੋਹੰਤੀ ਦੇ ਮੋਬਾਇਲ ਤੇ 50 ਦੇ ਕਰੀਬ ਮੈਸੇਜ ਅਜਿਹੇ ਆਏ, ਜਿਹਨਾਂ ਨੂੰ ਉਹ ਖੋਲ੍ਹ ਕੇ ਦੇਖ ਜਾਂ ਪੜ੍ਹ ਨੀਂ ਸਕੇ। 3 ਅਪ੍ਰੈਲ ਨੂੰ ਉਹ ਸਕੱਤਰੇਤ ਦੇ ਆਪਣੇ ਆਫਿਸ ਵਿਚ ਬੈਠੇ ਸਨ, ਜਿਸ ਵਕਤ ਉਹ ਥੋੜ੍ਹਾ ਫੁਰਸਤ ਵਿਚ ਸਨ, ਉਦੋਂ ਹੀ ਉਹਨਾਂ ਦੇ ਮੋਬਾਇਲ ਤੇ ਇਕ ਮੈਸੇਜ ਆਇਆ। ਉਹਨਾਂ ਨੇ ਉਹ ਮੈਸੇਜ ਪੜ੍ਹਿਆ ਤਾਂ ਹੈਰਾਨ ਰਹਿ ਗਏ। ਮੈਸੇਜ ਮੁਤਾਬਕ ਉਹਨਾਂ ਦੇ ਬੈਂਕ ਖਾਤੇ ਤੋਂ 30 ਹਜ਼ਾਰ ਰੁਪਏ ਕਢਵਾਏ ਗਏ ਸਨ।

ਜਦਕਿ ਬੈਂਕ ਤੋਂ ਜਾਂ ਏ. ਟੀ. ਐਮ. ਤੋਂ ਉਹਨਾਂ ਨੇ ਕੋਈ ਪੈਸੇ ਨਹੀਂ ਕਢਵਾਏ ਸਨ, ਇਸ ਕਰਕੇ ਉਹ ਪ੍ਰੇਸ਼ਾਨ ਹੋ ਗਿਆ। ਉਹ ਤੁਰੰਤ ਸਕੱਤਰੇਤ ਵਿਚ ਸਥਿਤ ਸਟੇਟ ਬੈਂਕ ਆਫ ਬੀਕਾਨੇਰ ਐਂਡ ਜੈਪੁਰ ਦੀ ਬਰਾਂਚ ਪਹੁੰਚਿਆ ਅਤੇ ਬੈਂਕ ਮੈਨੇਜਰ ਨੂੰ ਪੂਰੀ ਗੱਲ ਦੱਸੀ। ਬੈਂਕ ਮੈਨੇਜਰ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਤੁਰੰਤ ਜੇ. ਸੀ. ਮੋਹੰਤੀ ਦੇ ਬੈਂਥ ਖਾਤੇ ਦੀ ਡਿਟੇਲ ਕਢਵਾਈ, ਜਿਸਨੂੰ ਦੇਖ ਕੇ ਸ੍ਰੀ ਮੋਹੰਤੀ ਨੂੰ ਝਟਕਾ ਜਿਹਾ ਲੱਗਿਆ। ਉਹਨਾਂ ਦੇ ਬੈਂਕ ਖਾਤੇ ਤੋਂ 22 ਮਾਰਚ ਤੋਂ 3 ਅਪ੍ਰੈਲ ਵਿਚਕਾਰ ਅਲੱਗ ਅਲੱਗ ਸਮੇਂ ਵਿਚ 73 ਹਜ਼ਾਰ ਰੁਪਏ ਕਢਵਾਏ ਗਏ ਸਨ।

ਉਹਨਾਂ ਦੇ ਮੋਬਾਇਲ ਤੇ ਬੈਂਕ ਵੱਲੋਂ ਇਸ ਨਿਕਾਸੀ ਦੇ ਮੈਸੇਜ ਵੀ ਭੇਜੇ ਗਏ ਸਨ। ਪਰ ਰੁਝੇਵਿਆਂ ਦੇ ਕਾਰਨ ਉਹ ਮੈਸੇਜ ਦੇਖ ਨਾ ਸਕਿਆ। ਖਾਤੇ ਤੋਂ ਕਰੀਬ ਪੌਣੇ 3 ਲੱਖ ਕਢਵਾਉਣ ਦੀ ਡਿਟੇਲ ਦੇਖ ਕੇ ਜੇ. ਸੀ. ਮੋਹੰਤੀ ਨੂੰ ਕਰੀਬ 15 ਦਿਨ ਪਹਿਲਾਂ ਮੋਬਾਇਲ ਤੇ ਆਏ ਉਸ ਫੋਨ ਦੀ ਯਾਦ ਆਈ, ਜਿਸ ਵਿਚ ਖੁਦ ਨੂੰ ਬੈਂਥ ਅਧਿਕਾਰੀ ਦੱਸ ਕੇ ਕਿਸੇ ਆਦਮੀ ਨੇ ਉਹਨਾਂ ਦਾ ਏ. ਟੀ. ਐਮ. ਕਾਰਡ ਦਾ ਨੰਬਰ, ਸੀ. ਵੀ. ਸੀ. ਨੰਬਰ ਅਤੇ ਓ. ਟੀ. ਪੀ. ਨੰਬਰ ਮੰਗਿਆ ਸੀ।

ਮੋਹੰਤੀ ਸਮਝ ਗਿਆ ਕਿ ਉਹ ਸਾਈਬਰ ਠੱਗਾਂ ਦੀ ਠੱਗੀ ਦਾ ਸ਼ਿਕਾਰ ਹੋ ਗਿਆ ਹੈ। ਉਹਨਾਂ ਦੇ ਨਾਲ ਆਨਲਾਈਨ ਠੱਗੀ ਹੋ ਗਈ ਹੈ। ਉਹਨਾਂ ਨੂੰ ਦੁੱਖ ਇਸ ਗੱਲ ਦਾ ਸੀ ਕਿ ਸਤੰਬਰ 2016 ਵਿਚ ਇਕ ਵਾਰ ਹੋਰ ਉਸ ਨਾਲ ਸਾਈਬਰ ਠੱਗੀ ਲੱਗ ਚੁੱਕੀ ਸੀ। ਉਸ ਵਕਤ ਉਹਨਾਂ ਦੇ ਕ੍ਰੈਡਿਟ ਕਾਰਡ ਤੋਂ ਵਿਦੇਸ਼ ਵਿਚ 86 ਹਜ਼ਾਰ ਦੀ ਸ਼ਾਪਿੰਗ ਕੀਤੀ ਗਈ ਸੀ। ਜੈਪੁਰ ਦੇ ਥਾਣਾ ਅਸ਼ੋਕ ਨਗਰ ਵਿਚ ਇਫ ਦੀ ਰਿਪੋਰਟ ਦਰਜ ਕਰਵਾਈ ਗਈ ਪਰ ਠੱਗਾਂ ਦਾ ਪਤਾ ਨਹੀਂ ਲੱਗ ਸਕਿਆ ਸੀ।

ਇਸ ਆਨਲਾਈਨ ਲੱਗੀ ਤੋਂ ਉਹ ਪ੍ਰੇਸ਼ਾਨ ਹੋ ਗਿਆ। ਉਹਨਾਂ ਨੇ ਬੈਂਕ ਮੈਨੇਜਰ ਨੂੰ ਪੈਸਿਆਂ ਦੀ ਨਿਕਾਸੀ ਰੋਕਣ ਲਈ ਕਿਹਾ ਹੀ ਨਹੀਂ, ਬਲਕਿ ਬੈਂਕ ਦੀ ਜ਼ਰੂਰੀ ਕਾਗਜ਼ੀ ਖਾਨਾਪੂਰਤੀ ਵੀ ਕੀਤੀ ਤਾਂ ਜੋ ਆਨਲਾਈਨ ਠੱਗੀ ਕਰਨ ਵਾਲੇ ਭਵਿੱਖ ਵਿਚ ਉਸਦੇ ਖਾਤੇ ਤੋਂ ਪੈਸਾ ਨਾ ਕਢਵਾ ਸਕਣ। ਇਸ ਤੋਂ ਬਾਅਦ ਆਪਣੇ ਦਫਤਰ ਪਹੁੰਚ ਕੇ ਉਸਨੇ ਪੁਲਿਸ ਕਮਿਸ਼ਨਰ ਨੂੰ ਫੋਨ ਕਰਕੇ ਆਪਣੇ ਨਾਲ ਹੋਈ ਸਾਈਬਰ ਠੱਗੀ ਦੀ ਜਾਣਕਾਰੀ ਦਿੱਤੀ।

ਪੁਲਿਸ ਵੀ ਹੈਰਾਨ ਸੀ। ਹੈਰਾਨੀ ਦੀ ਗੱਲ ਇਹ ਸੀ ਕਿ ਰਾਜਸਥਾਨ ਪੁਲਿਸ ਅਤੇ ਵੱਖ ਵੱਖ ਬੈਂਕਾਂ ਵੱਲੋਂ ਅਕਸਰ ਅਖਬਾਰਾਂ, ਇਲੈਕਟ੍ਰਾਨਿਕ ਅਤੇ ਡਿਜ਼ੀਟਲ ਮੀਡੀਆ ਦੁਆਰਾ ਰੋਜ਼ਾਨਾ ਲੋਕਾਂ ਨੂੰ ਆਨਲਾਈਨ ਠੱਗੀ ਬਾਰੇ ਜਾਗਰੂਕ ਕੀਤਾ ਜਾ ਰਿਹਾ ਸੀ ਕਿ ਕਿਸੇ ਵੀ ਵਿਅਕਤੀ ਨੂੰ ਫੋਨ ਤੇ ਆਪਣਾ ਏ. ਟੀ. ਐਮ. ਕਾਰਡ ਬੈ ਬੈਂਕ ਖਾਤੇ ਦੀ ਡਿਟੇਲ ਬਿਲਕੁਲ ਨਾ ਦਿਓ।

ਪੁਲਿਸ ਅਤੇ ਬੈਂਕਾਂ ਦੀ ਇੰਨੀ ਕੋਸ਼ਿਸ਼ ਦੇ ਬਾਵਜੂਦ ਵੀ ਆਮ ਆਦਮੀ ਰੋਜ਼ਾਨਾ ਇਹਨਾਂ ਠੱਗਾਂ ਦਾ ਸ਼ਿਕਾਰ ਹੋ ਰਹੇ ਹਨ ਪਰ ਜੇਕਰ ਕੋਈ ਸੀਨੀਅਰ ਆਈ. ਏ. ਐਸ. ਅਫਸਰ ਇਸ ਕਿਸਮ ਦੀ ਠੱਗੀ ਦਾ ਸ਼ਿਕਾਰ ਹੋ ਜਾਵੇ ਤਾਂ ਹੈਰਾਨੀ ਹੁੰਦੀ ਹੈ। ਸੰਜੇ ਅੱਗਰਵਾਲ ਨੇ ਮੋਹੰਤੀ ਨੂੰ ਰਿਪੋਰਟ ਦਰਜ ਕਰਾਉਣ ਦੀ ਸਲਾਹ ਦਿੰਦੇ ਹੋਏ ਸਾਈਬਰ ਠੱਗਾਂ ਨੂੰ ਜਲਦੀ ਪਕੜਨ ਦਾ ਭਰੋਸਾ ਦਿੱਤਾ।

ਮੂਲ ਤੌਰ ਤੇ ਉੜੀਸਾ ਦੇ ਰਹਿਣ ਵਾਲੇ ਰਾਜਸਥਾਨ ਕੈਡਰ ਦੇ ਸੰਨ 1985 ਬੈਚ ਦੇ ਆਈ. ਐਸ. ਅਧਿਕਾਰੀ ਮੋਹੰਤੀ ਨੇ ਉਸੇ ਦਿਨ ਜੈਪੁਰ ਦੇ ਸਕੱਤਰੇਤ ਕੋਲ ਸਥਿਤ ਥਾਣਾ ਅਸ਼ੋਕਨਗਰ ਵਿਚ ਆਪਣੇ ਨਾਲ ਹੋਈ ਠੱਗੀ ਦੀ ਰਿਪੋਰਟ ਦਰਜ ਕਰਵਾਈ। ਆਨਲਾਈਨ ਠੱਗੀ ਦਾ ਇਹ ਇਕ ਉਦਾਹਰਣ ਹੈ। ਅਜਿਹੀ ਠੱਗੀ ਰਾਜਸਥਾਨ ਸਮੇਤ ਭਾਰਤ ਦੇ ਲੱਗਭੱਗ ਹਰ ਸੂਬੇ ਵਿਚ ਰੋਜ਼ਾਨਾ ਸੌ-ਪੰਜਾਹ ਲੋਕਾਂ ਨਾਲ ਹੋ ਰਹ ਹੈ। ਰਾਜਸਥਾਨ ਵਿਚ ਸੰਨ 2016 ਵਿਚ ਸਾਈਬਰ ਕ੍ਰਾਈਮ ਦੇ 907 ਮੁਕੱਦਮੇ ਦਰਜ ਹੋਏ ਸਨ, ਜਿਹਨਾਂ ਵਿਚ 530 ਮੁਕੱਦਮੇ ਸਿਰਫ ਜੈਪੁਰ ਸ਼ਹਿਰ ਵਿਚ ਦਰਜ ਹੋਏ ਸਨ।

ਮੁਕੱਦਮਿਆਂ ਦੇ ਦਰਜ ਹੋਣ ਤੋਂ ਬਾਅਦ ਜਾਂਚ ਵਿਚ ਸਾਹਮਣੇ ਆਇਆ ਕਿ ਸਾਈਬਰ ਠੱਗ ਖੁਦ ਨੂੰ ਬੈਂਕ ਮੈਨੇਜਰ ਦੱਸ ਕੇ ਲੋਕਾਂ ਦੇ ਮੋਬਾਇਲ ਤੇ ਫੋਨ ਕਰਕੇ ਕਹਿੰਦੇ ਹਨ ਕਿ ਤੁਹਾਡਾ ਏ. ਟੀ. ਐਮ. ਕਾਰਡ ਬੰਦ ਹੋ ਰਿਹਾ ਹੈ ਜਾਂ ਤੁਹਾਡੇ ਏ. ਟੀ. ਐਮ. ਕਾਰਡ ਚਲਾਉਣ ਦੀ ਸੀਮਾ ਵਧਵਾਓ ਅਤੇ ਇਸਨੂੰ ਆਧਾਰ ਕਾਰਡ ਨਾਲ ਲਿੰਕ ਕਰਵਾਓ। ਕਿਸੇ ਵੀ ਵਿਅਕਤੀ ਨੂੰ ਇਹ ਠੱਗ ਮੋਬਾਇਲ ਤੇ ਕਹਿੰਦੇ ਹਨ ਕਿ ਤੁਹਾਡਾ ਏ. ਟੀ. ਐਮ. ਕਾਰਡ ਪੁਰਾਣਾ ਹੋ ਗਿਆ ਹੈ। ਉਸ ਦੇ ਬਦਲੇ ਨਵਾਂ ਕਾਰਡ ਜਾਰੀ ਕੀਤਾ ਜਾ ਰਿਹਾ ਹੈ। ਇਸ ਕਰਕੇ ਨਵਾਂ ਪਾਸਵਰਡ ਦਿੱਤਾ ਜਾ ਰਿਹਾ ਹੈ। ਤੁਸੀਂ ਪਿਛਲੀ ਵਾਰ ਏ. ਟੀ. ਐਮ. ਤੋਂ ਕਦੋਂ ਰਕਮ ਕਢਵਾਈ ਸੀ? ਕੀ ਤੁਸੀਂ ਨਵੇਂ ਕੇ. ਵਾਈ. ਸੀ. ਜਾਂ ਆਧਾਰ ਕਾਰਡ ਨੂੰ ਲਿੰਕ ਨਹੀਂ ਕੀਤਾ ਹੈ? ਬੈਂਕ ਵਾਲਿਆਂ ਵਾਂਗ ਤਕਨੀਕੀ ਗੱਲਾਂ ਕਹਿ ਕੇ ਇਹ ਠੱਗ ਮੋਬਾਇਲ ਤੇ ਹੀ ਲੋਕਾਂ ਦੇ ਏ. ਟੀ. ਐਮ. ਕਾਰਡ ਦਾ ਨੰਬਰ, ਸੀ. ਵੀ. ਸੀ. ਨੰਬਰ ਅਤੇ ਓ. ਟੀ. ਪੀ. ਨੰਬਰ ਪੁੱਛ ਲੈਂਦੇ ਹਨ। ਇਸ ਤੋਂ ਬਾਅਦ ਇਹ ਸਾਈਬਰ ਠੱਗ ਸਮਾਰਟ ਫੋਨ ਜਾਂ ਕੰਪਿਊਟਰ ਦੇ ਜ਼ਰੀਏ ਮਨੀ ਟ੍ਰਾਂਸਫਰ ਸਾਫਟਵੇਅਰ ਦੁਆਰਾ ਉਸ ਵਿਅਕਤੀ ਦੇ ਖਾਤੇ ਦੀ ਰਕਮ ਕਢਵਾ ਲੈਂਦੇ ਹਨ।

ਰਾਜਸਥਾਨ ਵਿਚ ਇਫ ਕਿਸਮ ਦੀਆਂ ਲਗਾਤਾਰ ਹੋ ਰਹੀਆਂ ਠੱਗੀ ਦੀਆਂ ਵਾਰਦਾਤਾਂ ਕਰਨ ਵਾਲੇ ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਦੇ ਤਲੇਗਾਉਂ ਇਲਾਕੇ ਵਿਚ ਰਹਿ ਰਹੇ ਹਨ। ਟੀਮ ਨੇ ਉਹਨਾਂ ਨੂੰ ਪਛਾਣ ਕੇ ਨਿਗਰਾਨੀ ਆਰੰਭ ਕੀਤੀ ਤਾਂ ਪਤਾ ਲੱਗਿਆ ਕਿ ਇਹ ਠੱਗ ਕਾਲ ਸੈਂਟਰ ਦੀ ਤਰਜ ਤੇ ਬੈਂਕ ਅਧਿਕਾਰੀ ਬਣ ਕੇ ਰੋਜ਼ਾਨਾ ਸੈਂਕੜੇ ਲੋਕਾਂ ਨੂੰ ਫੋਨ ਕਰਦੇ ਹਨ ਅਤੇ ਉਹਨਾਂ ਦੇ ਏ. ਟੀ. ਐਮ. ਕਾਰਡ ਦਾ ਨੰਬਰ ਆਦਿ ਪੁੱਛ ਕੇ ਆਨਲਾਈਨ ਠੱਗੀ ਮਾਰਦੇ ਹਨ।

ਕਈ ਦਿਨਾਂ ਦੀ ਨਿਗਰਾਨੀ ਤੋਂ ਬਾਅਦ ਕ੍ਰਾਈਮ ਬਰਾਂਚ ਨੇ ਮਹਾਰਾਸ਼ਟਰ ਦੇ ਪੁਣੇ ਦੇ ਐਸ.ਪੀ. ਸੁਵੇਜ ਹੱਕ ਅਤੇ ਕ੍ਰਾਈਮ ਬ੍ਰਾਂਚ ਦੇ ਅਧਿਕਾਰੀਆਂ ਦੀ ਮਦਦ ਨਾਲ 27 ਮਾਰਚ ਨੂੰ 5 ਲੋਕਾਂ ਨੂੰ ਮਹਾਰਾਸ਼ਟਰ ਦੇ ਤਲੇਗਾਉਂ ਦਾਭਾੜੇ ਤੋਂ ਗ੍ਰਿਫਤਾਰ ਕੀਤਾ। ਇਹਨਾਂ ਵਿਚ ਝਾਰਖੰਡ ਦੇ ਜ਼ਿਲ੍ਹਾ ਜਾਮਤਾੜਾ ਦੇ ਕਰਮਾਟਾਂਡ ਨਿਵਾਸੀ 3 ਸਕੇ ਭਰੇ ਯੂਸਫ, ਮੁਖਤਾਰ ਅਤੇ ਅਖਤਰ ਸ਼ਾਮਲ ਸਨ। ਯੂਨਸ ਦੇ ਇਹਨਾਂ ਤਿੰਨੇ ਬੇਟਿਆਂ ਵਿਚ ਯੂਸਫ ਸਭ ਤੋਂ ਵੱਡਾ ਅਤੇ ਅਖਤਰ ਸਭ ਤੋਂ ਛੋਟਾ ਸੀ। ਇਹਨਾਂ ਤੋਂ ਇਲਾਵਾ ਮਹਾਰਾਸ਼ਟਰ ਦੇ ਪੁਣੇ ਦੇ ਤਲੇਗਾਉਂ ਦਾਭਾੜੇ ਨਿਵਾਸੀ ਸੰਜੇ ਸਿੰਧੇ ਅਤੇ ਸ਼ੈਲੇਸ਼ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਇਹਨਾਂ ਦੇ ਕੋਲੋਂ ਪੁਲਿਸ ਨੇ 10 ਛੋਟੇ ਅਤੇ 4 ਵੱਡੇ ਮੋਬਾਇਲ ਫੋਨ, 15 ਸਿਮ, 7 ਏ. ਟੀ. ਐਮ. ਕਾਰਡ ਅਤੇ 9 ਲੱਖ 86 ਹਜ਼ਾਰ 500 ਰੁਪਏ ਬਰਾਮਦ ਕੀਤੇ ਸਨ। ਇਹਨਾਂ ਲੋਕਾਂ ਨੇ ਪਿਛਲੇ ਸਾਲ ਜੈਪੁਰ ਦੇ ਰਹਿਣ ਵਾਲੇ ਗੋਪਾਲ ਬੈਰਵਾ ਨੂੰ ਫੋਨ ਕਰਕੇ ਉਸ ਤੋਂ 29 ਹਜ਼ਾਰ 600 ਰੁਪਏ ਠੱਗੇ ਸਨ। ਇਸ ਦਾ ਮੁਕੱਦਮਾ ਜੈਪੁਰ ਪੂਰਬ ਦੇ ਥਾਣਾ ਬੱਸੀ ਵਿਚ ਦਰਜ ਸੀ। ਗ੍ਰਿਫਤਾਰ ਦੋਸ਼ੀਆਂ ਨੂੰ ਪੁਲਿਸ ਜੈਪੁਰ ਲੈ ਆਈ। ਇਹਨਾਂ ਤੋਂ ਪੁੱਛਗਿੱਛ ਵਿਚ ਪਤਾ ਲੱਗਿਆ ਕਿ ਝਾਰਖੰਡ ਦੇ ਜਾਮਤਾੜਾ ਜ਼ਿਲ੍ਹੇ ਦੇ ਕਰਮਾਟਾਂਡ ਦੇ ਰਹਿਣ ਵਾਲੇ ਤਿੰਨ ਠੱਗ ਭਰਾਵਾਂ ਨੇ ਆਪਣੇ ਪਿੰਡ ਦੇ ਹੀ ਦੂਜੇ ਲੋਕਾਂ ਤੋਂ ਬੈਂਕ ਅਧਿਕਾਰੀ ਬਣ ਕੇ ਆਨਲਾਈਨ ਠੱਗੀ ਮਾਰਨਾ ਸਿੱਖਿਆ ਅਤੇ ਨਕਲੀ ਆਈ. ਡੀ. ਤੇ ਦਰਜਨਾਂ ਸਿਮ ਹਾਸਲ ਕਰਕੇ 

# ਸੀਟੀ ਵਰਲਡ ਸਕੂਲ ਦੇ ਸਾਬਕਾ ਵਿਦਿਆਰਥੀ ਕ੍ਰਿਸ਼ਨਾ ਅਵਸਥੀ ਨੇ ਮਰਚੈਂਟ ਨੇਵੀ ਵਿੱਚ ਵੱਕਾਰੀ ਅਹੁਦਾ ਹਾਸਲ ਕੀਤਾ

**ਜਲੰਧਰ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਟੀ ਵਰਲਡ ਸਕੂਲ ਨੂੰ ਇਹ ਐਲਾਨ ਕਰਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਾਡੇ ਸਕੂਲ ਦੇ ਇੱਕ ਸਮਰਪਿਤ ਅਤੇ ਮਿਹਨਤੀ ਸਾਬਕਾ ਵਿਦਿਆਰਥੀ ਕ੍ਰਿਸ਼ਨਾ ਅਵਸਥੀ ਨੂੰ ਮਰਚੈਂਟ ਨੇਵੀ ਵਿੱਚ ਇੱਕ ਪ੍ਰਤਿਸ਼ਠਾਵਾਨ ਅਹੁਦੇ ਲਈ ਚੁਣਿਆ ਗਿਆ ਹੈ। ਇਹ ਕਮਾਲ ਦੀ ਪ੍ਰਾਪਤੀ ਕ੍ਰਿਸ਼ਨਾ ਦੀ ਲਗਨ, ਵਚਨਬੱਧਤਾ, ਅਤੇ ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ ਦਾ ਪ੍ਰਮਾਣ ਹੈ।

ਕ੍ਰਿਸ਼ਨਾ ਅਵਸਥੀ ਨੇ ਇੱਕ ਸਖ਼ਤ ਚੋਣ ਪ੍ਰਕਿਰਿਆ ਵਿੱਚੋਂ ਲੰਘਿਆ, ਜਿਸ ਵਿੱਚ ਲਿਖਤੀ ਪ੍ਰੀਖਿਆਵਾਂ, ਸਰੀਰਕ ਤੰਦਰੁਸਤੀ ਟੈਸਟ ਅਤੇ ਇੰਟਰਵਿਊਆਂ ਦੀ ਇੱਕ ਲੜੀ ਸ਼ਾਮਲ ਸੀ। ਬੇਮਿਸਾਲ ਹੁਨਰ ਅਤੇ ਗਿਆਨ ਦਾ ਪ੍ਰਦਰਸ਼ਨ ਕਰਦੇ ਹੋਏ, ਉਸਨੇ ਸਫਲਤਾਪੂਰਵਕ ਮਰਚੈਂਟ ਨੇਵੀ ਵਿੱਚ ਇੱਕ ਸਥਾਨ ਪ੍ਰਾਪਤ ਕੀਤਾ, ਜਿੱਥੇ ਉਹ ਸਮੁੰਦਰ ਵਿੱਚ ਇੱਕ ਸ਼ਾਨਦਾਰ ਕਰੀਅਰ ਦੀ ਸ਼ੁਰੂਆਤ ਕਰੇਗਾ।

ਸੀਟੀ ਗਰੁੱਪ ਦੇ ਚੇਅਰਮੈਨ ਸ. ਚਰਨਜੀਤ ਸਿੰਘ ਨੇ ਕਿਹਾ, ÷ਸਾਨੂੰ ਇਸ ਮਹੱਤਵਪੂਰਨ ਪ੍ਰਾਪਤੀ ਲਈ ਕ੍ਰਿਸ਼ਨਾ ਅਵਸਥੀ 'ਤੇ ਅਥਾਹ ਮਾਣ ਹੈ,÷ ਅਤੇ ਉਨ੍ਹਾਂ ਦੇ ਯਤਨਾਂ ਅਤੇ ਸਮਰਪਣ ਦੀ ਸ਼ਲਾਘਾ ਕੀਤੀ। ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ: ਮਨਬੀਰ ਸਿੰਘ ਨੇ ਵੀ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਕ੍ਰਿਸ਼ਨਾ ਅਵਸਥੀ ਨੇ ਆਪਣੇ ਪਰਿਵਾਰ, ਅਧਿਆਪਕਾਂ ਅਤੇ ਸਾਥੀਆਂ ਤੋਂ ਮਿਲੇ ਸਮਰਥਨ ਲਈ ਧੰਨਵਾਦ ਪ੍ਰਗਟ ਕੀਤਾ। ਸੀਟੀ ਵਰਲਡ ਸਕੂਲ ਨੇ ਮੈਨੂੰ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਇੱਕ ਮਜ਼ਬੂਤ ਨੀਂਹ ਅਤੇ ਲੋੜੀਂਦੇ ਹੁਨਰ ਪ੍ਰਦਾਨ ਕੀਤੇ ਹਨ। ਮੈਂ ਆਪਣੀ ਜ਼ਿੰਦਗੀ ਦੇ ਇਸ ਨਵੇਂ ਅਧਿਆਏ ਨੂੰ ਲੈ ਕੇ ਉਤਸ਼ਾਹਿਤ ਹਾਂ ਅਤੇ ਅੱਗੇ ਆਉਣ ਵਾਲੀਆਂ ਚੁਣੌਤੀਆਂ ਅਤੇ ਸਾਹਸ ਦੀ ਉਡੀਕ ਕਰ ਰਿਹਾ ਹਾਂ।

# ਹੁਨਰ ਸਿਖਲਾਈ ਤੇ ਰੁਚੀ ਅਨੁਸਾਰ ਵਿੱਦਿਆਂ ਦੇ ਕੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਸਮੇਂ ਦੇ ਹਾਣੀ ਬਣਨ ਲੱਗੇ

**ਸ੍ਰੀ ਅਨੰਦਪੁਰ ਸਾਹਿਬ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦਿਆਰਥੀਆਂ ਨੂੰ ਹੁਨਰ ਅਤੇ ਰੁਚੀ ਅਨੁਸਾਰ ਵਿੱਦਿਆਂ ਦੇਣ ਲਈ ਹਰ ਸਰਕਾਰੀ ਸਕੂਲ ਵਿੱਚ ਲੋੜੀਦੇ ਸੁਧਾਰ ਕੀਤੇ ਜਾ ਰਹੇ ਹਨ। ਜਿਸ ਨਾਲ ਹੁਣ ਸਰਕਾਰੀ ਸਕੂਲ ਮਾਡਲ ਤੇ ਕਾਨਵੈਂਟ ਸਕੂਲਾਂ ਨੂੰ ਮਾਤ ਪਾ ਰਹੇ ਹਨ। ਇਹ ਸਾਡੇ ਵਿਦਿਆਰਥੀਆਂ ਅਧਿਆਪਕਾਂ, ਮਾਪਿਆਂ ਦਾ ਮਿਲਿਆ ਜੁਲਿਆਂ ਅਸਰ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਲਏ ਕ੍ਰਾਂਤੀਕਾਰੀ ਫੈਸਲਿਆਂ ਨਾਲ ਸੂਬੇ ਵਿੱਚ ਵਿੱਦਿਆ ਦੀ ਨੁਹਾਰ ਬਦਲ ਰਹੀ ਹੈ। ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਦੇ ਦੂਰ ਅੰਦੇਸ਼ੀ ਸੋਚ ਸਦਕਾ ਵਿਦਿਆਰਥੀਆਂ ਨੂੰ ਸੰਸਾਰ ਭਰ ਵਿੱਚ ਚੱਲ ਰਹੇ ਮੁਕਾਬਲੇਬਾਜੀ ਦੇ ਦੌਰ ਵਿੱਚ ਸਮੇਂ ਦੇ ਹਾਣੀ ਬਣਾਉਣ ਲਈ ਜਿਕਰਯੋਗ ਉਪਰਾਲੇ ਨਿਰੰਤਰ ਜਾਰੀ ਹਨ। ਬੀਤੇ ਦਿਨ ਇੰਸਪਾਇਰ ਐਵਾਰਡ ਮਾਨਕ ਤਹਿਤ ਜ਼ਿਲਾ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ ਵਿੱਚ ਸਰਕਾਰੀ ਹਾਈ ਸਕੂਲ, ਦਸਗਰਾਈ ਦੇ ਵਿਦਿਆਰਥੀ ਅਦਿੱਤਿਆ ਕੁਮਾਰ ਨੇ ਦੂਸਰਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂ ਪੂਰੇ ਇਲਾਕੇ ਵਿੱਚ ਰੌਸ਼ਨ ਕੀਤਾ ਹੈ।

ਪ੍ਰਿੰ.ਪਰਮਜੀਤ ਕੌਰ ਸਰਕਾਰੀ ਹਾਈ ਸਕੂਲ ਦਸਗਰਾਈ ਨੇ ਹੋਰ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੇ ਦਿਨ ਇੰਸਪਾਇਰ ਐਵਾਰਡ ਮਾਨਕ ਤਹਿਤ ਜ਼ਿਲਾ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ ਅਤੇ ਪ੍ਰੋਜੈਕਟ ਪ੍ਰਤੀਯੋਗਤਾ ਰੂਪਨਗਰ ਵਿਖੇ ਕਰਵਾਈ ਗਈ, ਜਿਸ ਵਿੱਚ ਤਿੰਨ ਜਿਲਿਆਂ ਦੇ ਵਿਦਿਆਰਥੀਆਂ (ਰੂਪਨਗਰ, ਐਸ.ਏ.ਐਸ ਨਗਰ ਮੁਹਾਲੀ ਅਤੇ ਸ਼ਹੀਦ ਭਗਤ ਸਿੰਘ ਨਗਰ, ਨਵਾਂਸ਼ਹਿਰ) ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਸਾਇੰਸ ਅਧਿਆਪਕਾ ਸ਼ਾਲੂ ਅਤੇ ਅਮਰਜੀਤ ਕੌਰ ਨੇ ਪੂਰੀ ਮਿਹਨਤ ਨਾਲ ਵਿਦਿਆਰਥੀਆਂ ਦੀ ਤਿਆਰੀ ਕਰਵਾਈ, ਜਿਸ ਕਰਕੇ ਵਿਦਿਆਰਥੀ ਪੜ੍ਹਾਈ ਦੇ ਨਾਲ ਨਾਲ ਇਹਨਾਂ ਪ੍ਰਤੀਯੋਗੀਤਾਵਾਂ ਵਿੱਚ ਵੀ ਸਕੂਲ ਦਾ ਨਾਮ ਰੌਸ਼ਨ ਕਰ ਰਹੇ ਹਨ। ਸਿੱਖਿਆ ਵਿਭਾਗ ਦੇ ਉਪਰਾਲਿਆ ਨਾਲ ਅੱਜ ਸਰਕਾਰੀ ਸਕੂਲ ਮਾਡਲ ਤੇ ਕਾਨਵੈਂਟ ਸਕੂਲਾ ਦੇ ਵਿਦਿਆਰਥੀਆਂ ਨੂੰ ਮਾਤ ਪਾ ਰਹੇ ਹਨ। ਦੇਸ਼ ਵਿਦੇਸ਼ ਵਿੱਚ ਪ੍ਰਿੰਸੀਪਲ ਤੇ ਮੁੱਖ ਅਧਿਆਪਕ ਸਿਖਲਾਈ ਹਾਸਲ ਕਰ ਰਹੇ ਹਨ, ਸਕੂਲਾਂ ਦੀ ਦਸ਼ਾ ਸੁਧਾਰ ਕੇ ਉਥੇ ਬੁਨਿਆਦੀ ਢਾਚਾ ਮਜਬੂਤ ਕੀਤਾ ਗਿਆ ਹੈ। ਸਕੂਲਾਂ ਵਿਚ ਸਿੱਖਿਆ ਲਈ ਢੁਕਵਾ ਵਾਤਾਵਰਣ ਤਿਆਰ ਹੋ ਰਿਹਾ ਹੈ।ਇਸ ਮੌਕੇ ਗੁਰਪ੍ਰੀਤ ਕੌਰ, ਜੋਤੀ ਕੁਮਾਰੀ, ਹਰਲੀਨ ਕੌਰ, ਪੂਨਮ ਰਾਣੀ, ਜਸਵੀਰ ਕੌਰ, ਰਿੰਪੀ ਸ਼ਰਮਾ, ਸੁਨੈਨਾ, ਵਿਜੇ ਕੁਮਾਰ, ਅਸ਼ੋਕ ਕੁਮਾਰ, ਅਜੇ ਬੈਂਸ, ਨਿਰੂਪਮ ਕਾਲੀਆ ਅਤੇ ਚੰਦਰ ਸ਼ੇਖਰ ਆਦਿ ਹਾਜ਼ਰ ਸਨ।

# ਪੰਜਾਬ ਦੇ ਸਕੂਲਾਂ 'ਚ ਹੁਣ ਬੱਚਿਆਂ ਨੂੰ ਮਿਲਣਗੇ ਮਿਡ-ਡੇ-ਮੀਲ ਦੇ ਨਾਲ-ਨਾਲ, ਮੌਸਮੀ ਫਲ

**ਧੂਰੀ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਦੁਪਹਿਰ ਸਮੇਂ ਮਿਡ-ਡੇ-ਮੀਲ ਦਿੱਤਾ ਜਾਂਦਾ ਹੈ, ਖਾਣੇ ਦੇ ਨਾਲ-ਨਾਲ ਬੱਚਿਆਂ ਨੂੰ ਮੌਸਮੀ ਫਲ ਵੀ ਦਿੱਤੇ ਜਾਣਗੇ, ਜਿਸ ਦੀ ਸ਼ੁਰੂਆਤ ਹੋ ਚੁੱਕੀ ਹੈ ਅਤੇ ਬੱਚਿਆਂ ਨੂੰ ਮਿਡ-ਡੇ-ਮੀਲ ਵਿੱਚ ਖਾਣਾ ਅਤੇ ਫਲ ਕਿਵੇਂ ਮਿਲ ਰਹੇ ਹਨ। ਇਸ ਦੇ ਲਈ ਸ਼ੰਗਰੂਰ ਦੇ ਡਿਪਟੀ ਕਮਿਸ਼ਨਰ ਜਤਿੰਦਰ ਜ਼ੋਰਾਵਰ ਨੇ ਪੰਜਾਬ ਮੁੱਖ ਮੰਤਰੀ ਦੇ ਵਿਧਾਨ ਸਭਾ ਹਲਕੇ ਦੇ ਪਿੰਡ ਭੁੱਲਰਹੇੜੀ ਦੇ ਇੱਕ ਸਕੂਲ ਦਾ ਦੌਰਾ ਕੀਤਾ ਅਤੇ ਬੱਚੇ ਬੈਠ ਕੇ ਖਾਣਾ ਖਾ ਰਹੇ ਸਨ ਅਤੇ ਉਨ੍ਹਾਂ ਨੇ ਵੀ ਆਪਣੇ ਲਈ ਵੀ ਖਾਣੇ ਦੀ ਥਾਲੀ ਲਵਾਈ।ਬੱਚਿਆਂ ਵਿੱਚ ਵੀ ਇੱਕ ਵੱਖਰੀ ਖੁਸ਼ੀ ਸੀ। ਕਿਉਂਕਿ ਜ਼ਿਲ੍ਹੇ ਦਾ ਇੱਕ ਸੀਨੀਅਰ ਅਧਿਕਾਰੀ ਉਨ੍ਹਾਂ ਨਾਲ ਬੈਠ ਕੇ ਖਾਣਾ ਖਾ ਰਿਹਾ ਸੀ ਤਾਂ ਇਸ ਨੂੰ ਦੇਖਦੇ ਆ ਹੀ ਸਕੂਲ ਦਾ ਸਟਾਫ਼ ਵੀ ਉਨ੍ਹਾਂ ਨਾਲ ਇਕੱਠੇ ਬੈਠ ਕੇ ਖਾਣਾ ਖਾਣ ਲੱਗ ਪਏ ਜੋ ਕਿ ਬੱਚਿਆਂ ਨੂੰ ਮਿਲ ਰਿਹਾ ਸੀ। ਡਿਪਟੀ ਕਮਿਸ਼ਨਰ ਨੇ ਬੱਚਿਆਂ ਨੂੰ ਪੁੱਛਿਆ ਕਿ ਤੁਹਾਨੂੰ ਹਰ ਰੋਜ਼ ਇਸ ਤਰ੍ਹਾਂ ਦਾ ਇਸ ਖਾਣਾ ਮਿਲਦਾ ਹੈ ਇਸ ਵਿੱਚ ਕੋਈ ਕਮੀ ਤਾਂ ਨਹੀਂ ਫਲ ਫਰੂਟ ਮਿਲਦਾ ਨਾਲ ਅਤੇ ਅਧਿਆਪਕ ਉਹਨਾਂ ਨੂੰ ਸਹੀ ਤਰੀਕੇ ਨਾਲ ਪੜਾਇਆ ਜਾਂਦਾ ਹਾਂ ਜਾਂ ਨਹੀਂ ? ਲਗਭਗ 15 ਮਿੰਟ ਤੱਕ ਬੱਚਿਆਂ ਨਾਲ ਗੱਲਬਾਤ ਕੀਤੀ ਅਤੇ ਬੱਚੇ ਵੀ ਇੰਨੇ ਵਧੀਆ ਤਰੀਕੇ ਨਾਲ ਘੁਲ ਮਿਲ ਗਏ ਕਿ ਕੋਈ ਉਹਨੂੰ ਕਹਿਣ ਲੱਗਾ ਕਿ ਉਹ ਵਿਰਾਟ ਕੋਹਲੀ ਦਾ ਫੈਨ ਹੈ, ਉਹ ਹੈਲੀਕਾਪਟਰ ਸ਼ਾਟ ਮਾਰਦਾ ਹੈ ਅਤੇ ਲੜਕੀਆਂ ਕਹਿਣ ਲੱਗੀਆਂ ਕਿ ਅਸੀਂ ਵੀ ਤੁਹਾਡੇ ਵਰਗੇ ਵੱਡੇ ਅਫਸਰ ਬਣਨਾ ਚਾਹੁੰਦੇ ਹਾਂ ਅਤੇ ਅਸੀਂ ਅਜਿਹੇ ਗੰਭੀਰ ਮੁੱਦਿਆਂ 'ਤੇ ਕੰਮ ਕਰਾਂਗੇ ਕਿਉਂਕਿ ਪ੍ਰਦੂਸ਼ਣ ਵਧ ਰਿਹਾ ਹੈ ਅਤੇ ਪੀਣ ਵਾਲੇ ਪਾਣੀ ਦੀ ਸਮੱਸਿਆ ਆ ਰਹੀ ਹੈ, ਪਹਿਲਾਂ ਬੱਚਿਆਂ ਨੂੰ ਖਾਣਾ ਦਿੱਤਾ ਗਿਆ ਅਤੇ ਇਸ ਤੋਂ ਬਾਅਦ ਉਹਨਾਂ ਨੂੰ ਫਲ ਦੇ ਰੂਪ ਵਿੱਚ ਕੇਲਾ ਦਿੱਤਾ ਗਿਆ।ਜਾਣਕਾਰੀ ਦਿੰਦਿਆਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੱਜ ਤੋਂ ਸਕੂਲਾਂ ਵਿੱਚ ਬੱਚਿਆਂ ਨੂੰ ਮਿਡ-ਡੇ-ਮੀਲ ਦੇ ਨਾਲ-ਨਾਲ ਫਲ ਵੀ ਮਿਲਣਗੇ, ਜਿਵੇਂ ਅੱਜ ਕੇਲਾ ਪਹਿਲਾਂ ਸੰਤਰੇ ਹੁੰਦੇ ਸਨ, ਅਗਲੇ ਹਫ਼ਤੇ ਅੰਬ ਮਿਲਣਗੇ, ਹਰ ਰੋਜ਼ ਲਈ ਇੱਕ ਮੀਨੋ ਤਿਆਰ ਕੀਤਾ ਗਿਆ ਹੈ। ਜਿਵੇਂ ਕਿ ਕਈ ਵਾਰ ਕੜ੍ਹੀ ਚਾਵਲ, ਕਈ ਵਾਰ ਸਬਜ਼ੀਆਂ ਅਤੇ ਦਾਲ ਵੀ ਸ਼ਾਮਲ ਕੀਤੀ ਜਾਂਦੀ ਹੈ ਅਤੇ ਉਹਨਾਂ ਵੱਲੋਂ ਰਸੋਈ ਨੂੰ ਵੀ ਦੇਖਿਆ ਗਿਆ ਜਿੱਥੇ ਬੱਚਿਆਂ ਲਈ ਖਾਣਾ ਬਣਾਇਆ ਜਾਂਦਾ ਹੈ ਅਤੇ ਕੁਝ ਸਮੱਸਿਆ ਬੱਚਿਆਂ ਨੇ ਉਹਨਾਂ ਨੂੰ ਦੱਸੀਂ।

# ਆਟੋ ਰਿਕਸ਼ਿਆਂ/ਈ ਰਿਕਸ਼ਿਆਂ ਤੇ ਸਵਾਰੀਆਂ ਢੋਹਣ ਵਾਲੇ ਵਾਹਨਾਂ ਦੇ ਡਰਾਇਵਰਾਂ ਲਈ ਵਰਦੀ ਪਾਉਣਾ ਲਾਜਮੀ

**ਫਾਜ਼ਿਲਕਾ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਆਰਟੀਓ ਸ੍ਰੀ ਵਿਪਨ ਭੰਡਾਰੀ ਪੀਸੀਐਸ ਨੇ ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ ਦੀਆਂ ਹਦਾਇਤਾਂ ਦੇ ਮੱਦੇਨਜਰ ਕਿਹਾ ਹੈ ਕਿ ਆਟੋ ਰਿਕਸ਼ਿਆਂ/ਈ ਰਿਕਸ਼ਿਆਂ ਅਤੇ ਸਵਾਰੀਆਂ ਢੋਹਣ ਵਾਲੇ ਵਾਹਨਾਂ ਦੇ ਡਰਾਇਵਰਾਂ ਲਈ ਵਰਦੀ ਪਾਉਣਾ ਲਾਜਮੀ ਹੈ।

ਉਨਾਂ ਨੇ ਕਿਹਾ ਕਿ ਇਸ ਲਈ ਹਦਾਇਤਾਂ ਅਨੁਸਾਰ ਗ੍ਰੇਅ ਰੰਗ ਦੀ ਵਰਦੀ ਪਾਉਣੀ ਲਾਜਮੀ ਹੈ। ਉਨ੍ਹਾਂ ਨੇ ਕਿਹਾ ਕਿ ਜਨਤਕ ਟਰਾਂਸਪੋਰਟ ਨਾਲ ਸਬੰਧਤ ਵਾਹਨਾਂ ਦੇ ਡਰਾਇਵਰ ਇੰਨ੍ਹਾਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰਨ। ਇਸਤੋਂ ਬਿਨ੍ਹਾਂ ਉਨ੍ਹਾਂ ਦੀ ਵਰਦੀ ਤੇ ਡਰਾਇਵਰ ਦਾ ਨਾਂਅ ਅਤੇ ਡਰਾਇਵਰ ਲਾਇਸੈਂਸ ਦਾ ਨੰਬਰ ਵੀ ਲਿਖਿਆ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸਬੰਧੀ ਅਜਿਹੇ ਡਰਾਇਵਰਾਂ ਨੂੰ ਵਿਭਾਗ ਵੱਲੋਂ ਜਾਗਰੂਕ ਵੀ ਕੀਤਾ ਜਾ ਰਿਹਾ ਹੈ ਅਤੇ ਜੇਕਰ ਇੰਨ੍ਹਾਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾਵੇਗੀ ਤਾਂ ਜਲਦ ਹੀ ਵਿਭਾਗ ਮੋਟਰ ਵਾਹਨ ਐਕਟ 1988 ਤਹਿਤ ਬਣਾਏ ਰੂਲਜ਼ ਮੁਤਾਬਿਕ ਕਾਰਵਾਈ ਅਮਲ ਵਿਚ ਲਿਆਵੇਗਾ।

# ਕੰਡਿਆਲੀ ਤਾਰ ਤੋਂ ਪਾਰ ਵਾਲੀਆਂ ਜਮੀਨਾਂ ਦਾ ਮੁਆਵਜ਼ਾ ਲੈਣ ਲਈ ਕਿਸਾਨਾਂ ਕੋਲ ਆਖਰੀ ਮੌਕਾ -ਡਿਪਟੀ ਕਮਿਸ਼ਨਰ

**ਅੰਮ੍ਰਿਤਸਰ 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਘਣਸ਼ਾਮ ਥੋਰੀ ਨੇ ਇਹ ਜਾਣਕਾਰੀ ਦਿੰਦੇ ਦੱਸਿਆ ਕਿ ਸਰਹੱਦ ਉੱਤੇ ਕੰਡਿਆਲੀ ਤਾਰ ਤੋਂ ਪਾਰ ਜਮੀਨਾਂ ਦਾ ਜੋ ਮੁਆਵਜਾ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ, ਲਈ ਯੋਗ ਕਿਸਾਨ ਆਪਣੇ ਐਸ ਡੀ ਐਮ ਦਫਤਰ ਨਾਲ ਤੁਰੰਤ ਸੰਪਰਕ ਕਰਨ ਤਾਂ ਜੋ ਉਹਨਾਂ ਕਿਸਾਨਾਂ ਨੂੰ ਮੁਆਵਜਾ ਦਿੱਤਾ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਰਹੱਦ ਉੱਤੇ ਪੈਂਦੀਆਂ ਇਨਾਂ ਜਮੀਨਾਂ ਲਈ ਸਰਕਾਰ ਵੱਲੋਂ ਮੁਆਵਜਾ ਦਿੱਤਾ ਜਾਂਦਾ ਹੈ ਕਿਉਂਕਿ ਉਥੇ ਖੇਤੀ ਕਰਨ ਵਿੱਚ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਅਤੇ ਰੁਕਾਵਟਾਂ ਆਉਂਦੀਆਂ ਹਨ, ਜਿਸ ਦੀ ਭਰਪਾਈ ਸਰਕਾਰ ਮੁਆਵਜ਼ਾ ਦੇ ਕੇ ਕਰਦੀ ਹੈ। ਉਹਨਾਂ ਕਿਹਾ ਕਿ ਮੁਆਵਜੇ ਦੀ ਇਹ ਰਾਸ਼ੀ ਸਾਡੇ ਕੋਲ ਆ ਚੁੱਕੀ ਹੈ ਅਤੇ ਜਿਸ ਵੀ ਕਿਸਾਨ ਦੀ ਜਮੀਨ ਕੰਡਿਆਲੀ ਤਾਰ ਤੋਂ ਪਾਰ ਹੈ, ਉਹ ਉਸ ਜਮੀਨ ਦਾ ਰਿਕਾਰਡ , ਬੈਂਕ ਦੀ ਕਾਪੀ ਅਤੇ ਆਧਾਰ ਕਾਰਡ ਦੀ ਕਾਪੀ ਲੈ ਕੇ ਆਪਣੇ ਆਪਣੇ ਐਸਡੀਐਮ ਦਫਤਰ ਨਾਲ ਤੁਰੰਤ ਸੰਪਰਕ ਕਰਨ ਤਾਂ ਜੋ ਉਹਨਾਂ ਨੂੰ ਮੁਆਵਜਾ ਦਿੱਤਾ ਜਾ ਸਕੇ। ਉਹਨਾਂ ਦੱਸਿਆ ਕਿ ਇਹ ਮੁਆਵਜ਼ਾ ਲੈਣ ਦਾ ਇਸ ਸੈਸ਼ਨ ਦਾ ਆਖਰੀ ਮੌਕਾ ਹੈ।

## ਨੰਨ੍ਹੀਆਂ ਪਰੀਆਂ ਦੀ ਉਡਾਣ ਨੂੰ ਹੁਲਾਰਾ ਦੇਣ ਲਈ ਡੀ.ਸੀ. ਲੁਧਿਆਣਾ ਨੇ ਕੀਤੀ ਮੁਲਾਕਾਤ

# ਹਰਜਸ ਸਕੂਲ ਦੀਆਂ ਦੋਵਾਂ ਵਿਦਿਆਥਣਾਂ ਵੱਲੋਂ ਆਈ.ਏ.ਐੱਸ.ਅਫਸਰ ਅਤੇ ਅਧਿਆਪਕ ਬਣਨ ਦੀ ਇੱਛਾ

**ਮਾਛੀਵਾੜਾ ਸਾਹਿਬ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਾਕ ਮਾਛੀਵਾੜਾ ਸਾਹਿਬ ਦੇ ਪਿੰਡ ਧੁੱਲੇਵਾਲ ਦੀਆ ਦੋ ਭੈਣਾਂ ਜੋ ਇਲਾਕੇ ਦੀ ਸਿਰਕੱਢ ਵਿੱਦਿਅਕ ਸੰਸਥਾ ਹਰਜਸ ਪਬਲਿਕ ਸਕੂਲ ਝੜੌਦੀ ਦੀਆਂ ਵਿਦਿਆਰਥਣਾਂ ਹਨ, ਵੱਲੋਂ ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਨਾਲ ਮੁਲਾਕਾਤ ਕੀਤੀ ਗਈ।ਇਸ ਮੌਕੇ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਮੁੱਖੀ ਨੂੰ ਆਪਣੇ ਕੈਰੀਅਰ ਸੰਬੰਧੀ ਗੱਲਬਾਤ ਕਰਦਿਆਂ ਆਪਣੀ ਪੜ੍ਹਾਈ ਬਾਰੇ ਦੱਸਿਆ ਅਤੇ ਖੁੱਲ੍ਹਕੇ ਗੱਲਾਂ ਕੀਤੀਆ । ਜ਼ਿਲ੍ਹਾ ਮੁਖੀ ਨੇ ਦੋਵੇਂ ਭੈਣਾਂ ਨੂੰ ਆਪਣੇ ਕੈਰੀਅਰ ਤੇ ਚਰਚਾ ਕਰਕੇ ਉਨ੍ਹਾਂ ਦੇ ਹੌਸਲੇ ਬੁਲੰਦ ਕੀਤੇ। ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਲੋੜ ?ਿੰਦੇ ਕੈਰੀਅਰ ਦੇ ਮਾਰਗਾਂ ਦਾ ਪਹਿਲਾ ਹੱਥ ਐਕਸਪੋਜਰ ਪ੍ਰਦਾਨ ਕਰਕੇ ਇੱਛਾਵਾਂ ਅਤੇ ਹਕੀਕਤ ਦੇ ਵਿਚਕਾਰ ਪਾੜ ?ਨੂੰ ਪੂਰਾ ਕਰਨਾ ਹੈ। ਉਨ੍ਹਾਂ ਦੱਸਿਆ ਕਿ ਪਹਿਲਕਦਮੀ ਤਹਿਤ, ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੈਰੀਅਰ ਦੀਆਂ ਇੱਛਾਵਾਂ ਬਾਰੇ ਪੁੱਛਿਆ ਜਾਵੇਗਾ। ਉਨ੍ਹਾਂ ਦੀ ਪਸੰਦ ਦੇ ਅਧਾਰ 'ਤੇ ਉਨ੍ਹਾਂ ਨੂੰ ਸਬੰਧਤ ਪੇਸ਼ੇਵਰਾਂ ਦੇ ਦਫਤਰਾਂ ਦੇ ਦੌਰੇ ਲਈ ਪ੍ਰੇਰਿਤ ਕੀਤਾ ਜਾਵੇਗਾ। ਜਿਸ ਵਿੱਚ ਆਈ.ਏ.ਐੱਸ., ਆਈ.ਪੀ.ਐੱਸ., ਪੀ.ਸੀ.ਐੱਸ., ਪੀ.ਪੀ.ਐੱਸ., ਡਾਕਟਰ, ਵਿਗਿਆਨੀ ਅਤੇ ਹੋਰ ਕੋਰਸ ਸ਼ਾਮਲ ਹਨ। ਜਿਸਦਾ ਉਦੇਸ਼ ਸਕੂਲੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਕਰਨਾ ਹੈ ਜਿਸ ਤਹਿਤ ਦੋ ਭੈਣਾਂ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੂੰ ਉਨ੍ਹਾਂ ਦੇ ਦਫ਼ਤਰ 

## ਸੰਪਾਦਕੀ

### ਪੰਜਾਬ ਵਿਚ ਨਸ਼ਿਆਂ ਖ਼ਿਲਾਫ਼ ਜੰਗ

ਪੰਜਾਬ ਨਸ਼ਾਖੋਰੀ ਦੇ ਸੰਕਟ ਨਾਲ ਜੂਝ ਰਿਹਾ ਹੈ ਜਿਸ ਨੇ ਕਈ ਜਵਾਨ ਜ਼ਿੰਦਗੀਆਂ ਨੂੰ ਨਿਗ਼ਲ ਲਿਆ ਹੈ। ਬਦਨਸੀਬੀ ਨਾਲ ਸੂਬੇ ਕੋਲ ਨਸ਼ਿਆਂ ਦੇ ਆਦੀਆਂ ਤੇ ਇਸ ਨਾਲ ਸਬੰਧਿਤ ਮੌਤਾਂ, ਉਨ੍ਹਾਂ ਦੇ ਸਮਾਜਿਕ-ਆਰਥਿਕ ਪਿਛੋਕੜ, ਨਸ਼ਾਖੋਰੀ ਦੇ ਕਾਰਨਾਂ ਅਤੇ ਇਸ ਦੇ ਸਮਾਜਿਕ-ਆਰਥਿਕ ਨੁਕਸਾਨ ਦੀ ਵਿਆਪਕ ਜਾਣਕਾਰੀ ਨਹੀਂ ਹੈ। 'ਦਿ ਟ੍ਰਿਬਿਊਨ' ਵਿੱਚ ਛਪੀ ਇੱਕ ਹਾਲੀਆ ਰਿਪੋਰਟ, 'ਪੰਜਾਬ ਡਰੱਗ ਓਵਰਡੋਜ਼: 14 ਦਿਨਾਂ ਵਿੱਚ 14 ਮੌਤਾਂ', ਨੇ ਉਭਾਰਿਆ ਹੈ ਕਿ ਸਰਕਾਰ ਇਸ ਸੰਕਟ ਨਾਲ ਨਜਿੱਠਣ ਵਿੱਚ ਨਾਕਾਮ ਹੋਈ ਹੈ, ਇਹ ਸੰਕੇਤ ਕਰਦੀ ਹੈ ਕਿ ਮੁੱਦਾ ਓਵਰਡੋਜ਼ ਤੋਂ ਕਿਤੇ ਵੱਡਾ ਹੈ; ਇਸ ਵਿੱਚ ਨਸ਼ਿਆਂ ਦੇ ਜਾਲ 'ਚ ਫਸਣ ਦਾ ਖ਼ਤਰਾ ਅਤੇ ਭਰੀ ਜਵਾਨੀ 'ਚ ਮੌਤਾਂ ਹੋਣਾ ਵੀ ਸ਼ਾਮਿਲ ਹੈ। ਚਿੰਤਾਜਨਕ ਹੈ ਕਿ ਅੱਲ੍ਹੜ ਵੀ ਨਸ਼ਿਆਂ ਦੀ ਲਤ ਦੇ ਸ਼ਿਕਾਰ ਹੋ ਰਹੇ ਹਨ। ਲੋੜ ਹੈ ਇੱਕ ਬਹੁਪੱਖੀ ਰਣਨੀਤੀ ਦੀ ਜੋ ਨਸ਼ਾਖੋਰੀ ਦੇ ਮੁੱਢਲੇ ਕਾਰਨਾਂ ਦਾ ਹੱਲ ਤਲਾਸ਼ੇ, ਨਸ਼ਿਆਂ ਦੀ ਸਪਲਾਈ ਤੇ ਮੰਗ ਉੱਤੇ ਲਗਾਮ ਕੱਸੇ, ਨਸ਼ਾ ਛੁਡਾਏ ਜਾਣ ਤੇ ਪੁਨਰਵਾਸ ਨੂੰ ਹੁਲਾਰਾ ਦੇਵੇ ਅਤੇ ਨਸ਼ਾ ਲੈਣ ਵਾਲਿਆਂ ਦੀ ਗਿਣਤੀ ਵਧਣ ਤੋਂ ਰੋਕੇ।ਸਹਿਯੋਗੀਆਂ ਗੁਰਿੰਦਰ ਕੌਰ ਤੇ ਜਤਿੰਦਰ ਸਿੰਘ ਅਤੇ ਮੇਰੇ ਵੱਲੋਂ ਚੰਡੀਗੜ੍ਹ ਦੇ ਦਿਹਾਤੀ ਤੇ ਉਦਯੋਗਿਕ ਵਿਕਾਸ ਖੋਜ ਕੇਂਦਰ (ਕਰਿੱਡ) 'ਚ ਹਾਲ ਹੀ ਵਿੱਚ ਕੀਤੇ ਗਏ ਅਧਿਐਨ, ਜਿਸ ਦਾ ਸਿਰਲੇਖ 'ਭਾਰਤ ਵਿੱਚ ਨਸ਼ਾਖੋਰੀ ਤੇ ਨਸ਼ੇ ਦੀ ਦੁਰਵਰਤੋਂ ਦੇ ਕਾਰਕ, ਪੰਜਾਬ 'ਤੇ ਵਿਸ਼ੇਸ਼ ਧਿਆਨ' (ਰੂਟਲੇਜ, 2024) ਹੈ, ਨਸ਼ਾਖੋਰੀ ਪਿਛਲੇ ਰਾਜਨੀਤਕ-ਆਰਥਿਕ ਅਤੇ ਸਮਾਜਿਕ-ਸੱਭਿਆਚਾਰਕ ਕਾਰਨਾਂ 'ਚ ਡੂੰਘਾ ਉੱਤਰਦਾ ਹੈ। ਇਹ ਅਧਿਐਨ ਭਾਰਤ ਦੀ ਸਮਾਜ ਵਿਗਿਆਨ ਖੋਜ ਕੌਂਸਲ (ਆਈਸੀਐੱਸਐੱਸਆਰ), ਨਵੀਂ ਦਿੱਲੀ ਵੱਲੋਂ ਕਰਵਾਇਆ ਗਿਆ ਹੈ। ਇਸ ਅਧਿਐਨ ਵਿੱਚ ਮੁੱਢਲੇ ਕਾਰਨਾਂ ਦਾ ਵਿਆਪਕ ਹੱਲ ਤਲਾਸ਼ਣ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ ਹੈ ਜਿਸ ਤੋਂ ਬਿਨਾਂ ਪੰਜਾਬ ਵਿੱਚ ਨਸ਼ਿਆਂ ਦੇ ਸੰਕਟ ਦੇ ਸਥਾਈ ਹੱਲ ਪਹੁੰਚ ਤੋਂ ਬਾਹਰ ਹੀ ਰਹਿਣਗੇ। ਇਸ 'ਚ ਤਸਕਰਾਂ, ਪੁਲੀਸ ਤੇ ਸਿਆਸਤਦਾਨਾਂ (ਐੱਸਪੀਪੀ) ਦੇ ਨਾਪਾਕ ਗੱਠਜੋੜ ਦਾ ਵੀ ਖ਼ੁਲਾਸਾ ਕੀਤਾ ਗਿਆ ਹੈ ਜਿਸ ਦਾ ਸਬੂਤ ਸੀਨੀਅਰ ਪੁਲੀਸ ਅਧਿਕਾਰੀਆਂ 'ਤੇ ਮੁਕੱਦਮੇ ਚੱਲਣਾ ਹੈ ਤੇ ਨਾਲ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਕਥਿਤ ਤੌਰ 'ਤੇ ਕੁਝ ਪੁਲੀਸ ਕਰਮੀਆਂ ਦੀ ਤਸਕਰਾਂ ਨਾਲ ਮਿਲੀਭੁਗਤ ਕਬੂਲੀ ਹੈ, ਨਤੀਜੇ ਵਜੋਂ ਪੁਲੀਸ ਮੁਲਾਜ਼ਮਾਂ ਦੇ ਤਬਾਦਲੇ ਹੋਏ ਹਨ।ਚੋਣਾਂ ਦੌਰਾਨ ਮਾਦਕ ਪਦਾਰਥਾਂ ਤੇ ਨਸ਼ਿਆਂ ਦੀ ਵੰਡ ਇਸ ਸੰਕਟ ਨਾਲ ਨਜਿੱਠਣ ਦੀ ਸਿਆਸੀ ਇੱਛਾ ਸ਼ਕਤੀ ਨੂੰ ਹੋਰ ਵੀ ਕਮਜ਼ੋਰ ਕਰਦੀ ਹੈ। ਵੱਖ-ਵੱਖ ਸਰਕਾਰਾਂ ਨੇ ਲਗਾਤਾਰ ਇਸ ਮੁੱਦੇ ਨੂੰ ਨਜ਼ਰਅੰਦਾਜ਼ ਕੀਤਾ ਹੈ। 2009 ਵਿੱਚ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਦਾਖ਼ਲ ਇੱਕ ਹਲਫ਼ਨਾਮੇ ਵਿੱਚ ਗ਼ਲਤ ਦਾਅਵਾ ਕੀਤਾ ਗਿਆ ਕਿ ਰਾਜ ਦੇ 70 ਪ੍ਰਤੀਸ਼ਤ ਨੌਜਵਾਨ ਨਸ਼ਿਆਂ ਦੇ ਆਦੀ ਹਨ। 2016 ਵਿੱਚ ਆਈ ਹਿੰਦੀ ਫਿਲਮ 'ਉੜਤਾ ਪੰਜਾਬ' ਨੇ ਇਸ ਮੁੱਦੇ ਨੂੰ ਕਾਫ਼ੀ ਵੱਡਾ ਬਣਾ ਦਿੱਤਾ ਤੇ ਪੂਰੇ ਦੇਸ਼ ਦਾ ਧਿਆਨ ਖਿੱਚਿਆ। ਸੰਨ 2013 ਵਿੱਚ ਕਈ ਹਜ਼ਾਰ ਕਰੋੜ ਰੁਪਏ ਦੇ ਡਰੱਗ ਰੈਕੇਟ 'ਚ ਪੰਜਾਬ ਪੁਲੀਸ ਦੇ ਬਰਖਾਸਤ ਡੀਐੱਸਪੀ ਜਗਦੀਸ਼ ਸਿੰਘ ਭੋਲਾ ਦੀ ਗ੍ਰਿਫ਼ਤਾਰੀ ਨੇ ਦੱਸਿਆ ਕਿ ਇਸ ਸਮੱਸਿਆ ਦਾ ਘੇਰਾ ਕਿੰਨਾ ਵਿਆਪਕ ਹੈ। ਦਹਾਕੇ ਤੋਂ ਵੀ ਵੱਧ ਸਮਾਂ ਪ੍ਰਮੁੱਖ ਚੋਣ ਮੁੱਦਾ ਬਣੇ ਰਹਿਣ ਦੇ ਬਾਵਜੂਦ, ਇਸ ਪਾਸੇ ਕੋਈ ਜ਼ਿਆਦਾ ਸੁਧਾਰ ਦੇਖਣ ਨੂੰ ਨਹੀਂ ਮਿਲਿਆ। ਹਾਈਕੋਰਟ ਨੂੰ 2018 ਵਿੱਚ ਵਿਸ਼ੇਸ਼ ਟਾਸਕ ਫੋਰਸ (ਐੱਸਟੀਐੱਫ) ਵੱਲੋਂ ਦਿੱਤੀਆਂ ਗਈਆਂ ਰਿਪੋਰਟਾਂ ਨੂੰ ਵੀ ਪ੍ਰਸ਼ਾਸਕੀ ਤੇ ਕਾਨੂੰਨੀ ਅੜਿੱਕਿਆਂ ਦਾ ਸਾਹਮਣਾ ਕਰਨਾ ਪਿਆ, ਜਿਸ ਨੇ ਐੱਸਪੀਪੀ ਦੀ ਮਿਲੀਭੁਗਤ ਵੱਲ ਸੰਕੇਤ ਕੀਤਾ। ਪੰਜਾਬ ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਇੱਕ ਹੋਰ ਜੰਗ ਛੇੜੀ ਹੈ। ਪਰ ਇਸ ਤਰ੍ਹਾਂ ਦੇ ਐਲਾਨ ਪਹਿਲਾਂ ਵੀ ਕੀਤੇ ਗਏ ਹਨ, ਜੋ ਬਹੁਤੇ ਕਾਮਯਾਬ ਨਹੀਂ ਹੋਏ। 2017 ਵਿੱਚ ਏਡੀਜੀਪੀ ਦੀ ਅਗਵਾਈ ਵਿੱਚ 'ਐੱਸਟੀਐੱਫ' ਦਾ ਗਠਨ, ਸਾਬਕਾ ਕੈਬਿਨਟ ਮੰਤਰੀ ਤੇ ਭੋਲੇ ਦੀ ਗ੍ਰਿਫ਼ਤਾਰੀ ਅਤੇ ਹਜ਼ਾਰਾਂ ਤਸਕਰਾਂ ਤੇ ਨਸ਼ੇੜੀਆਂ ਨੂੰ ਫੜਨ ਜਿਹੇ ਕਦਮ ਜ਼ਿਕਰਯੋਗ ਸਨ। ਸਰਕਾਰ ਨੇ ਇਸ ਸਬੰਧੀ ਕਈ ਯੋਜਨਾਵਾਂ ਵੀ ਲਾਂਚ ਕੀਤੀਆਂ, ਜਿਨ੍ਹਾਂ ਵਿੱਚ 'ਓਟ' ਕਲੀਨਿਕ ਤੇ 'ਬਡੀ' ਪ੍ਰੋਗਰਾਮ ਸ਼ਾਮਿਲ ਸਨ। ਇਸ ਤੋਂ ਇਲਾਵਾ ਨਸ਼ਾ ਛੁਡਾਉਣ ਲਈ ਅਧਿਕਾਰੀ ਵੀ ਰੱਖੇ ਗਏ ਸਨ। ਹਾਲਾਂਕਿ, ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ ਨਸ਼ਿਆਂ ਦਾ ਸੰਕਟ ਬਰਕਰਾਰ ਹੈ।ਸਾਡਾ ਅਧਿਐਨ ਨਸ਼ਾਖੋਰੀ ਦੇ ਗੰਭੀਰ ਸਮਾਜਿਕ-ਆਰਥਿਕ ਅਸਰਾਂ ਨੂੰ ਵੀ ਦਰਜ ਕਰਦਾ ਹੈ, ਜੋ ਸਿਹਤ ਸੰਭਾਲ ਢਾਂਚੇ ਅਤੇ ਕਾਨੂੰਨ ਪ੍ਰਣਾਲੀ 'ਤੇ ਬੋਝ ਹਨ ਅਤੇ ਨਾਲ-ਨਾਲ ਮਾਨਵੀ ਕਿਰਤ ਸ਼ਕਤੀ ਦੇ ਸਭ ਤੋਂ ਅਹਿਮ ਸਾਲ ਵੀ ਖਾ ਜਾਂਦੇ ਹਨ, ਨਤੀਜੇ ਵਜੋਂ ਐੱਚਆਈਵੀ/ਏਡਜ਼ ਵਰਗੀਆਂ ਬਿਮਾਰੀਆਂ ਨਾਲ ਲੋਕਾਂ ਦੀ ਘੱਟ ਉਮਰ ਵਿੱਚ ਮੌਤ ਹو ਜਾਂਦੀ ਹੈ। ਪੰਜਾਬ ਦੀ ਡਰੱਗ ਸਪਲਾਈ ਕੌਮਾਂਤਰੀ ਤੇ ਘਰੇਲੂ ਸਰੋਤਾਂ ਤੋਂ ਆਉਂਦੀ ਹੈ। 'ਦਿ ਗੋਲਡਨ ਕ੍ਰਿਸੈਂਟ' (ਇਰਾਨ, ਅਫ਼ਗਾਨਿਸਤਾਨ ਤੇ ਪਾਕਿਸਤਾਨ) ਅਤੇ 'ਦਿ ਗੋਲਡਨ ਟ੍ਰਾਇਐਂਗਲ' (ਮਿਆਂਮਾਰ, ਲਾਓਸ, ਥਾਈਲੈਂਡ) ਵੱਡੇ ਕੌਮਾਂਤਰੀ ਰੂਟ ਹਨ ਤੇ ਪੰਜਾਬ 'ਗੋਲਡਨ ਕ੍ਰਿਸੈਂਟ' ਦੇ ਰਾਹ 'ਚ ਪੈਂਦਾ ਹੈ। ਇਸ ਤੋਂ ਇਲਾਵਾ, 'ਓਪਿਆਇਡ' ਅਧਾਰਿਤ ਤੇ ਸਿੰਥੈਟਿਕ ਨਸ਼ੇ ਘਰੇਲੂ ਪੱਧਰ 'ਤੇ ਹੀ ਬਣਦੇ ਤੇ ਸਪਲਾਈ ਹੁੰਦੇ ਹਨ। ਨਸ਼ਿਆਂ ਨੂੰ ਵੇਚਣ ਅਤੇ ਇਨ੍ਹਾਂ ਦੀ ਵਰਤੋਂ ਵਿੱਚ ਸਹਾਈ ਹੋਣ ਵਾਲੇ ਆਰਥਿਕ ਕਾਰਕਾਂ ਵਿੱਚ ਉੱਚੀ ਬੇਰੁਜ਼ਗਾਰੀ, ਨੀਵੇਂ ਪੱਧਰ ਦਾ ਰੁਜ਼ਗਾਰ, ਘੱਟ ਉਜਰਤਾਂ ਅਤੇ ਨਸ਼ਿਆਂ ਦੇ ਧੰਦੇ ਤੋਂ ਹੋਣ ਵਾਲੀ ਆਮਦਨ ਸ਼ਾਮਿਲ ਹਨ। ਖਾਂਦੇ ਪੀਂਦੇ ਘਰਾਂ ਵਿੱਚ ਪੈਸੇ ਦੀ ਆਸਾਨ ਰਸਾਈ ਵੀ ਇੱਕ ਕਾਰਕ ਹੈ। ਸਮਾਜਿਕ ਕਾਰਕਾਂ ਵਿੱਚ ਬਜ਼ੁਰਗਾਂ ਵੱਲੋਂ ਨਸ਼ਿਆਂ ਦੀ ਵਰਤੋਂ, ਹਾਣੀਆਂ ਦਾ ਦਬਾਅ, ਪਰਿਵਾਰਕ ਸਬੰਧਾਂ ਵਿੱਚ ਤਣਾਅ, ਖ਼ਾਹਿਸ਼ਾਂ ਦੀ ਪੂਰਤੀ ਨਾ ਹੋਣਾ, ਮਾਯੂਸੀ, ਨਾਕਾਮੀ, ਛੋਟੇ ਪਰਿਵਾਰਾਂ ਦਾ ਚਲਨ ਅਤੇ ਵਧਦਾ ਵਿਅਕਤੀਵਾਦ ਅਤੇ ਇਕਲਾਪਾ ਆਦਿ ਸ਼ਾਮਿਲ ਹਨ। ਨਸ਼ਿਆਂ ਦੇ ਘਾਤਕ ਪ੍ਰਭਾਵਾਂ ਪ੍ਰਤੀ ਜਾਗਰੂਕਤਾ ਦੀ ਘਾਟ ਅਤੇ ਨਾਗਰਿਕ ਸਮਾਜ ਦੀ ਉਪਰਾਮਤਾ ਨਾਲ ਸਮੱਸਿਆ ਵਿਕਰਾਲ ਰੂਪ ਧਾਰ ਲੈਂਦੀ ਹੈ। ਸਿਆਸੀ ਤੌਰ 'ਤੇ ਤਸਕਰਾਂ, ਪੁਲੀਸ ਅਤੇ ਸਿਆਸਤਦਾਨਾਂ ਦਰਮਿਆਨ ਬਣਿਆ ਗੱਠਜੋੜ ਇੱਕ ਵੱਡਾ ਰੋੜਾ ਬਣਿਆ ਹੋਇਆ ਹੈ।ਨਸ਼ਿਆਂ ਦੀ ਅਲਾਮਤ ਨਾਲ ਸਿੱਝਣ ਲਈ ਇਹ ਪ੍ਰਵਾਨ ਕਰਨਾ ਜ਼ਰੂਰੀ ਹੈ ਕਿ ਨਸ਼ਿਆਂ ਦੇ ਆਦੀ ਇੱਕ ਗਹਿਰੀ ਸਮਾਜਿਕ-ਸਭਿਆਚਾਰਕ ਅਤੇ ਸਿਆਸੀ-ਆਰਥਿਕ ਵਿਗਾੜਾਂ ਦੇ ਪੀੜਤ ਹਨ ਅਤੇ ਇਨ੍ਹਾਂ ਨੂੰ ਅਪਰਾਧੀਆਂ ਦੀ ਬਜਾਇ ਮਰੀਜ਼ ਸਮਝ ਕੇ ਇਲਾਜ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਨੇ ਕਾਨੂੰਨੀ ਅਮਲਦਾਰੀ (ਐਨਫੋਰਸਮੈਂਟ), ਨਸ਼ੇ ਛੁਡਵਾਉਣ ਅਤੇ ਨਸ਼ਿਆਂ ਦੀ ਰੋਕਥਾਮ ਦੀ ਤਿੰਨ-ਪਰਤੀ ਰਣਨੀਤੀ ਤਿਆਰ ਕੀਤੀ ਹੈ ਪਰ ਇਸ ਤੋਂ ਇਲਾਵਾ ਮੁੜ ਵਸੇਬੇ ਅਤੇ ਨਸ਼ੇ ਛੱਡਣ ਤੋਂ ਬਾਅਦ ਮੁੜ ਇਨ੍ਹਾਂ ਦੀ ਚੁੰਗਲ ਵਿਚ ਪੈਣ ਤੋਂ ਰੋਕਣ ਉੱਤੇ ਵੀ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਪੰਜਾਬ ਵਿੱਚ ਨਸ਼ਿਆਂ ਦੀ ਲ਼ਤ ਨੂੰ ਕਾਬੂ ਕਰਨ ਲਈ ਇੱਕ ਸਰਬਪੱਖੀ ਪਹੁੰਚ ਅਪਣਾਉਣੀ ਚਾਹੀਦੀ ਹੈ ਜਿਸ ਵਿੱਚ ਹੇਠ ਲਿਖੇ ਨੁਕਤੇ ਸ਼ਾਮਿਲ ਕੀਤੇ ਜਾਣੇ ਚਾਹੀਦੇ ਹਨ। ਨਸ਼ਿਆਂ ਦੀ ਅਲਾਮਤ ਬਾਰੇ ਵਿਆਪਕ ਜਾਣਕਾਰੀਆਂ ਇਕੱਤਰ ਕਰਨ ਲਈ ਇੱਕ ਭਰਵਾਂ ਡੇਟਾ ਕੁਲੈਕਸ਼ਨ ਸਿਸਟਮ ਸਥਾਪਿਤ ਕਰਨਾ ਚਾਹੀਦਾ ਹੈ ਜਿਸ ਵਿੱਚ ਸਮਾਜਿਕ ਆਰਥਿਕ ਬਿਓਰੇ, ਨਸ਼ਿਆਂ ਦੀ ਲ਼ਤ ਦੇ ਕਾਰਨ ਅਤੇ ਇਸ ਦੀ ਸਮਾਜਿਕ-ਆਰਥਿਕ ਲਾਗਤ ਦੇ ਪੱਖ ਸ਼ਾਮਿਲ ਹੋਣ। ਇਨ੍ਹਾਂ ਅੰਕੜਿਆਂ ਨਾਲ ਬੱਝਵੇਂ ਰੂਪ ਵਿੱਚ ਦਖ਼ਲ ਦੇਣ ਵਿੱਚ ਮਦਦ ਮਿਲੇਗੀ। ਨਸ਼ਾ ਤਸਕਰਾਂ, ਪੁਲੀਸ ਅਤੇ ਸਿਆਸਤਦਾਨਾਂ ਦੇ ਗੱਠਜੋੜ ਨੂੰ ਤੋੜਨ ਦੇ ਯਤਨਾਂ ਵਿੱਚ ਤੇਜ਼ੀ ਲਿਆਉਣੀ ਚਾਹੀਦੀ ਹੈ। ਨਸ਼ਿਆਂ ਦੀ ਤਸਕਰੀ ਅਤੇ ਵੰਡ ਖ਼ਿਲਾਫ਼ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਦੋਸ਼ੀਆਂ ਖ਼ਿਲਾਫ਼ ਤੇਜ਼ੀ ਨਾਲ ਨਿਆਂਇਕ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਦਾ ਵਿਸਤਾਰ ਅਤੇ ਸੁਧਾਰ ਕੀਤਾ ਜਾਵੇ ਤੇ ਇਨ੍ਹਾਂ ਤੱਕ ਪੀੜਤਾਂ ਦੀ ਪਹੁੰਚ ਅਤੇ ਲੋੜੀਂਦਾ ਸਟਾਫ਼ ਮੁਹੱਈਆ ਕਰਵਾਇਆ ਜਾਵੇ। ਸਬੂਤ ਅਧਾਰਿਤ ਇਲਾਜ ਵਿਧੀਆਂ ਨੂੰ ਲਾਗੂ ਕੀਤਾ ਜਾਵੇ ਅਤੇ ਨਸ਼ਿਆਂ ਦੀ ਲ਼ਤ ਤੋਂ ਉਭਰਨ ਵਾਲੇ ਵਿਅਕਤੀਆਂ ਨੂੰ ਮਨੋਵਿਗਿਆਨਕ ਅਤੇ ਸਮਾਜਿਕ ਸਹਾਇਤਾ ਮੁਹੱਈਆ ਕਰਵਾਈ ਜਾਵੇ। ਸਕੂਲਾਂ, ਕਾਲਜਾਂ ਅਤੇ ਭਾਈਚਾਰਿਆਂ ਅੰਦਰ ਬੱਝਵੇਂ ਅਤੇ ਟੀਚਾਬੱਧ ਢੰਗ ਨਾਲ ਨਸ਼ਿਆਂ ਦੀ ਲ਼ਤ ਦੇ ਖ਼ਤਰਿਆਂ ਬਾਰੇ ਜਾਗਰੂਕਤਾ ਮੁਹਿੰਮ ਚਲਾਈ ਜਾਵੇ ਅਤੇ ਮਦਦ ਮੰਗਣ ਦੇ ਮਹੱਤਵ ਨੂੰ ਉਜਾਗਰ ਕੀਤਾ ਜਾਵੇ। ਰੁਜ਼ਗਾਰ ਦੇ ਅਵਸਰ ਪੈਦਾ ਕਰ ਕੇ ਅਤੇ ਹੁਨਰ ਵਿਕਾਸ ਦੇ ਪ੍ਰੋਗਰਾਮ ਚਲਾ ਕੇ ਬੇਰੁਜ਼ਗਾਰੀ ਅਤੇ ਘੱਟ ਰੁਜ਼ਗਾਰ ਦੀ ਸਮੱਸਿਆ ਨਾਲ ਸਿੱਝਿਆ ਜਾਵੇ। ਨਸ਼ਿਆਂ ਦੀ ਲ਼ਤ ਵਿੱਚ ਸਹਾਈ ਹੋਣ ਵਾਲੇ ਸਮਾਜਿਕ-ਆਰਥਿਕ ਕਾਰਕਾਂ ਨੂੰ ਘਟਾਉਣ ਲਈ ਸਮਾਜਿਕ ਇਮਦਾਦੀ ਪ੍ਰਣਾਲੀਆਂ ਨੂੰ ਮਜ਼ਬੂਤ ਕੀਤਾ ਜਾਵੇ। ਮੁਕਾਮੀ ਪਹਿਲਕਦਮੀਆਂ ਅਤੇ ਸਹਾਇਤਾ ਗਰੁੱਪਾਂ ਜ਼ਰੀਏ ਨਸ਼ਿਆਂ ਦੀ ਲ਼ਤ ਨਾਲ ਸਿੱਝਣ ਲਈ ਮੁਕਾਮੀ ਲੋਕਾਂ ਦੀ ਭਾਗੀਦਾਰੀ ਨੂੰ ਹੱਲਾਸ਼ੇਰੀ ਦਿੱਤੀ ਜਾਵੇ। ਨੀਤੀਗਤ ਤਬਦੀਲੀਆਂ ਲਈ ਨਾਗਰਿਕ ਸਮਾਜ ਦੀਆਂ ਜਥੇਬੰਦੀਆਂ ਨੂੰ ਲਾਮਬੰਦ ਕੀਤਾ ਜਾਵੇ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਮਦਦ ਪਹੁੰਚਾਈ ਜਾਵੇ। ਸਰਹੱਦ ਪਾਰੋਂ ਹੁੰਦੀ ਨਸ਼ਿਆਂ ਦੀ ਤਸਕਰੀ ਦੀ ਰੋਕਥਾਮ ਲਈ ਗੁਆਂਢੀ ਦੇਸ਼ਾਂ ਨਾਲ ਤਾਲਮੇਲ ਕੀਤਾ ਜਾਵੇ। ਨਸ਼ਿਆਂ ਦੀ ਸਪਲਾਈ ਦੀ ਰੋਕਥਾਮ ਲਈ ਸਰਹੱਦੀ ਸੁਰੱਖਿਆ ਅਤੇ ਖ਼ੁਫ਼ੀਆ ਜਾਣਕਾਰੀਆਂ ਦਾ ਇੱਕ ਦੂਜੇ ਨਾਲ ਤਬਾਦਲਾ ਕੀਤਾ ਜਾਵੇ। ਅੰਤਰਰਾਜੀ ਸਹਿਯੋਗ ਯਕੀਨੀ ਬਣਾਇਆ ਜਾਵੇ ਜਿਸ ਨਾਲ ਥਾ-ਮੌਕਾ ਸੂਚਨਾ ਅਤੇ ਅੰਕੜੇ ਸਾਂਝੇ ਕਰ ਕੇ ਕਾਰਗਰ ਦਖ਼ਲਅੰਦਾਜ਼ੀ ਕੀਤੀ ਜਾਵੇ। ਇੱਕ ਵਿਆਪਕ ਅਤੇ ਬੱਝਵੀਂ ਪਹੁੰਚ ਨਾਲ ਨਸ਼ਿਆਂ ਦੀ ਸਮੱਸਿਆ ਨੂੰ ਮੁਖ਼ਾਤਿਬ ਹੋ ਕੇ ਪੰਜਾਬ ਨਸ਼ਿਆਂ ਦੀ ਲ਼ਤ ਅਤੇ ਇਸ ਨਾਲ ਜੁੜੀਆਂ ਸਮਾਜਿਕ ਆਰਥਿਕ ਲਾਗਤਾਂ ਨੂੰ ਘਟਾਉਣ ਵਿੱਚ ਅਹਿਮ ਪੇਸ਼ਕਦਮੀ ਕਰ ਸਕਦਾ ਹੈ। ਹਾਲਾਤ ਵਿੱਚ ਬੁਨਿਆਦੀ ਮੋੜਾ ਲਿਆਉਣ ਲਈ ਦ੍ਰਿੜ੍ਹਤਾ, ਖਲੂਸ ਅਤੇ ਤਨਦੇਹੀ ਨਾਲ ਨਸ਼ਿਆਂ ਖ਼ਿਲਾਫ਼ ਲੜਾਈ ਲੜਨੀ ਪਵੇਗੀ।

# ਊਣੀ ਅਗਨੀਪਥ ਯੋਜਨਾ ਅਤੇ ਫ਼ੌਜ ਦਾ ਢਾਂਚਾ

**ਮੇਜਰ ਜਨਰਲ ਜੀਜੀ ਦਿਵੇਦੀ (ਸੇਵਾਮੁਕਤ)**

ਕੋਈ ਵੀ ਢਾਂਚਾਗਤ ਬਦਲਾਓ ਜਿਹੜਾ ਇਸ ਵਿਵਸਥਾ 'ਤੇ ਨਿਰਭਰ ਕਰੇ ਕਿ ਵਾਧੇ-ਘਾਟੇ ਨੂੰ 'ਹਾਦਸੇ ਤੋਂ ਬਾਅਦ ਸੁਧਾਰ ਲਿਆ ਜਾਵੇਗਾ', ਸ਼ੁਰੂਆਤ ਤੋਂ ਹੀ ਦੋਸ਼ਪੂਰਨ ਹੁੰਦਾ ਹੈ। ਅਗਨੀਪਥ ਸਕੀਮ ਅਜਿਹੀ ਹੀ ਉਦਾਹਰਨ ਹੈ। ਸਕੀਮ ਨੂੰ ਦੋ ਸਾਲ ਪਹਿਲਾਂ ਲਿਆਂਦਾ ਗਿਆ ਸੀ। ਸਕੀਮ ਨੂੰ 'ਅਧਿਕਾਰੀ ਰੈਂਕ ਤੋਂ ਹੇਠਲੇ ਕਰਮੀਆਂ' (ਪੀਬੀਓਆਰ) ਦੀ ਭਰਤੀ ਪ੍ਰਕਿਰਿਆ 'ਚ ਕ੍ਰਾਂਤੀਕਾਰੀ ਬਦਲਾਓ ਕਹਿ ਕੇ ਪ੍ਰਚਾਰਿਆ ਗਿਆ ਸੀ। ਇਸ ਦਾ ਮੰਤਵ ਪੈਨਸ਼ਨ ਬਿੱਲ ਦਾ ਬੋਝ ਘਟਾਉਣਾ ਅਤੇ ਹਥਿਆਰਬੰਦ ਬਲਾਂ ਤੇ ਹੋਰਨਾਂ ਰੈਂਕਾਂ ਦੀ ਰੂਪ-ਰੇਖਾ ਨੂੰ ਜਵਾਨ ਰੱਖਣਾ ਸੀ। ਇਸ ਸਕੀਮ ਦਾ ਹਥਿਆਰਬੰਦ ਬਲਾਂ 'ਚ ਸ਼ਾਮਲ ਹੋਣ ਦੇ ਚਾਹਵਾਨ ਨੌਜਵਾਨ ਉਮੀਦਵਾਰਾਂ ਨੇ ਵਿਰੋਧ ਕੀਤਾ। ਸਮੇਂ-ਸਮੇਂ ਇਹ ਸਕੀਮ ਖ਼ਬਰਾਂ ਵਿੱਚ ਵੀ ਰਹੀ ਤੇ ਹਾਲ ਹੀ ਵਿੱਚ ਚਹੁੰ ਪਾਸਿਓਂ ਇਸ ਦੀ ਸੰਪੂਰਨ ਸਮੀਖਿਆ ਦੀ ਮੰਗ ਜ਼ੋਰ-ਸ਼ੋਰ ਨਾਲ ਉੱਠੀ ਹੈ।

ਅਗਨੀਪਥ ਦਾ ਵਿਚਾਰ 'ਟੂਰ ਆਫ ਡਿਊਟੀ' (ਟੀਓਡੀ) ਸਿਧਾਂਤ ਤੋਂ ਲਿਆ ਗਿਆ ਜੋ ਫ਼ੌਜ 'ਚ ਕਰਮੀਆਂ ਦੀ ਕਮੀ ਨਾਲ ਨਜਿੱਠਣ ਲਈ ਪੱਛਮੀ ਸੈਨਾਵਾਂ 'ਚ ਆਮ ਵਰਤਾਰਾ ਹੈ। ਤਤਕਾਲੀ ਰੱਖਿਆ ਸਟਾਫ ਮੁਖੀ (ਸੀਡੀਐੱਸ) ਜਨਰਲ ਬਿਪਿਨ ਰਾਵਤ ਨੇ ਟੀਓਡੀ ਦਾ ਸਿਧਾਂਤ ਹਥਿਆਰਬੰਦ ਸੈਨਾਵਾਂ 'ਚ ਲਿਆਉਣ ਦੀ ਤਜਵੀਜ਼ ਪੇਸ਼ ਕੀਤੀ ਸੀ। ਸ਼ੁਰੂਆਤ 'ਚ ਥੋੜ੍ਹੀ ਗਿਣਤੀ 'ਚ ਭਰਤੀ ਕਰ ਕੇ ਪ੍ਰਸਤਾਵ ਨੂੰ ਪਰਖਣ ਦੀ ਯੋਜਨਾ ਸੀ ਪਰ ਸਕੀਮ ਨੂੰ ਇਕਤਰਫ਼ਾ ਤੌਰ 'ਤੇ ਲਾਗੂ ਕਰ ਦਿੱਤਾ ਗਿਆ। ਸਾਬਕਾ ਸੈਨਾ ਮੁਖੀ ਜਨਰਲ ਐੱਮਐੱਮ ਨਰਵਣੇ ਦੀ ਕਿਤਾਬ 'ਫੋਰ ਸਟਾਰ ਆਫ ਡੈਸਟਿਨੀ' ਵਿਚ ਸਕੀਮ ਨੂੰ ਤਿੰਨਾਂ ਸੈਨਾਵਾਂ 

# ਬਾਲੀਵੁੱਡ ਦੀਆਂ ਅਭਿਨੇਤਰੀਆਂ, ਜਿਹਨਾਂ ਨੇ ਪਿਓ ਤੋਂ ਬਾਅਦ ਪੁੱਤ ਨਾਲ ਵੀ ਕੀਤਾ ਕੰਮ

**ਬਾਲੀਵੁੱਡ ਵਿਚ ਅਜਿਹੀਆਂ ਕਈ ਅਭਿਨੇਤਰੀਆਂ ਹਨ, ਜਿਹਨਾਂ ਨੇ ਪਹਿਲਾਂ ਜਿਸ ਐਕਟਰ ਦੇ ਨਾਲ ਕੰਮ ਕੀਤਾ, ਬਾਅਦ ਵਿਚ ਉਸਦੇ ਲੜਕੇ ਦੇ ਨਾਲ ਵੀ ਪਰਦੇ ਤੇ ਨਜ਼ਰ ਆਈਆਂ। ਇਹਨਾਂ ਵਿਚ ਬੀਤੇ ਜ਼ਮਾਨੇ ਦੀ ਅਭਿਨੇਤਰੀ ਰੇਖਾ, ਅਮ੍ਰਿਤਾ ਸਿੰਘ ਅਤੇ ਡਿੰਪਲ ਕਪਾਡੀਆ ਤੋਂ ਲੈ ਕੇ ਅੱਜ ਦੀਆਂ ਅਭਿਨੇਤਰੀਆਂ ਸੋਨਮ, ਕਰੀਨਾ ਅਤੇ ਅਨੁਸ਼ਕਾ ਤੱਕ ਸ਼ਾਮਲ ਹਨ।**

**ਵਿਨੋਦ ਖੰਨਾ- ਮਾਧੁਰੀ ਦੀਕਸ਼ਿਤ- ਅਕਸ਼ੈ ਖੰਨਾ**

ਵਿਨੋਦ ਖੰਨਾ ਅਤੇ ਮਾਧੁਰੀ ਦੀਕਸ਼ਿਤ ਨੇ ਫਿਲਮ 'ਦਿਆਵਾਨ' ਵਿਚ ਇਕੱਠਿਆਂ ਕੰਮ ਕੀਤਾ ਹੈ। ਫਿਲਮ ਦਾ ਇਕ ਗਾਣਾ 'ਆਜ ਫਿਰ ਤੁਮ ਪੇ ਪਿਆਰ ਆਇਆ ਹੈ' ਕਾਫੀ ਪ੍ਰਸਿੱਧ ਹੋਇਆ ਸੀ। ਇਸ ਗਾਣੇ ਵਿਚ ਮਾਧੁਰੀ ਅਤੇ ਵਿਨੋਦ ਖੰਨਾ ਨੇ ਕਾਫੀ ਇੰਟੀਮੇਟ ਸੀਨ ਦਿੱਤੇ ਸਨ। ਫਿਲਮ ਵਿਚ ਵਿਨੋਦ ਖੰਨਾ, ਸ਼ਕਤੀ ਵੇਲੂ ਦੇ ਕਿਰਦਾਰ ਵਿਚ, ਜਦਕਿ ਮਾਧੁਰੀ ਨੇ ਉਹਨਾਂ ਦੀ ਪਤਨੀ ਨੀਲੂ ਦਾ ਰੋਲ ਪਲੇਅ ਕੀਤਾ ਸੀ। ਉਥੇ ਹੀ ਦੂਜੇ ਪਾਸੇ ਵਿਨੋਦ ਖੰਨਾਂ ਦੇ ਲੜਕੇ ਅਕਸ਼ੈ ਖੰਨਾ ਅਤੇ ਮਾਧੁਰੀ ਦੀਕਸ਼ਿਤ ਵੀ ਫਿਲਮ ਵਿਚ ਰੋਮਾਂਸ ਕਰ ਚੁੱਕੇ ਹਨ। 1997 ਵਿਚ ਆਈ ਫਿਲਮ 'ਮੋਹੱਬਤ' ਵਿਚ ਮਾਧੁਰੀ ਅਤੇ ਅਕਸ਼ੈ ਲੀਡ ਰੋਲ ਵਿਚ ਸਨ। ਅਕਸ਼ੈ-ਮਾਧੁਰੀ ਤੇ ਫਿਲਮਾਇਆ ਫਿਲਮ ਦਾ ਇਕ ਗੀਤ 'ਓ ਬੇਬੀ ਡਾਟ ਬ੍ਰੇਕ ਮਾਈ ਹਾਰਟ' ਕਾਫੀ ਹਿੱਟ ਹੋਇਆ ਸੀ।

**ਡਿੰਪਲ ਕਪਾਡੀਆ**

ਡਿੰਪਲ ਕਪਾਡੀਆ ਨੇ ਧਰਮਿੰਦਰ ਦੇ ਨਾਲ 'ਇਨਸਾਨੀਅਤ ਕੇ ਦੁਸ਼ਮਨ' ਫਿਲਮ ਵਿਚ ਕੰਮ ਕੀਤਾ ਸੀ। ਇਸ ਤੋਂ ਬਾਅਦ ਉਹਨਾਂ ਨੇ ਸੰਨੀ ਦਿਓਲ ਨਾਲ 'ਮੰਜ਼ਿਲ ਮੰਜ਼ਿਲ' ਵਿਚ ਕੰਮ ਕੀਤਾ ਸੀ। ਡਿੰਪਲ ਨੇ ਵਿਨੋਦ ਖੰਨਾ ਨਾਲ ਵੀ 'ਖੂਨ ਕਾ ਕਰਜ' ਫਿਲਮ ਵਿਚ ਕੰਮ ਕੀਤਾ ਅਤੇ ਅਕਸ਼ੈ ਖੰਨਾ ਦੇ ਨਾਲ 'ਦਿਲ ਚਾਹਤਾ ਹੈ' ਫਿਲਮ ਵਿਚ ਕੰਮ ਕੀਤਾ।



**ਐਸ਼ਵਰਿਆ ਰਾਏ**

ਐਸ਼ਰਿਆ ਰਾਏ ਨੇ ਅਮਿਤਾਬ ਬਚਨ ਨਾਲ 'ਮੋਹੱਬਤੇਂ' ਫਿਲਮ ਵਿਚ ਕੰਮ ਕੀਤਾ ਅਤੇ ਉਸ ਦੇ ਮੁੰਡੇ ਅਭਿਸ਼ੇਕ ਨਾਲ 'ਗੁਰੂ' ਫਿਲਮ ਵਿਚ ਕੰਮ ਕੀਤਾ। ਇਸ ਤੋਂ ਬਾਅਦ ਐਸ਼ਵਰਿਆ ਰਾਏ ਅਮਿਤਾਬ ਦੀ ਨੂੰਹ ਬਣੀ।



**ਰੇਖਾ**

ਬਾਲੀਵੁੱਡ ਦੀ ਮਸ਼ਹੂਰ ਅਭਿਨੇਤਰੀ ਰੇਖਾ ਨੇ ਰਾਕੇਸ਼ ਰੌਸ਼ਨ ਨਾਲ 'ਖੂਬਸੂਰਤ' ਫਿਲਮ ਵਿਚ ਕੰਮ ਕੀਤਾ ਸੀ। ਇਸ ਤੋਂ ਬਾਅਦ ਉਹਨਾਂ ਨੇ ਰਿਤਿਕ ਰੋਸ਼ਨ ਨਾਲ 'ਕ੍ਰਿਸ਼ 2' ਫਿਲਮ ਵਿਚ ਕੰਮ ਕੀਤਾ ਹੈ।

**ਸ਼੍ਰੀਦੇਵੀ**

ਸ਼੍ਰੀਦੇਵੀ ਨੇ ਧਰਮਿੰਦਰ ਨਾਲ 'ਫਰਿਸ਼ਤੇ' ਫਿਲਮ ਵਿਚ ਕੰਮ ਕੀਤਾ ਅਤੇ ਉਹਨਾਂ ਦੇ ਮੁੰਡੇ ਸੰਨੀ ਦਿਓਲ ਨਾਲ 'ਰਾਮ ਅਵਤਾਰ' ਫਿਲਮ ਵਿਚ ਕੰਮ ਕੀਤਾ।



**ਪ੍ਰਿਟੀ ਜਿੰਟਾ**

ਪ੍ਰਿਟੀ ਜਿੰਟਾ ਨੇ ਅਮਿਤਾਬ ਬਚਨ ਨਾਲ 'ਵੀਰ ਜਾਰਾ' ਫਿਲਮ ਵਿਚ ਕੰਮ ਕੀਤਾ ਅਤੇ ਉਸਦੇ ਮੁੰਡੇ ਅਭਿਸ਼ੇਕ ਬਚਨ ਨਾਲ 'ਕਭੀ ਅਲਵਿਦਾ ਨਾ ਕਹਿਨਾ' ਫਿਲਮ ਵਿਚ ਕੰਮ ਕੀਤਾ।



**ਕਰੀਨਾ ਕਪੂਰ**

ਬਾਲੀਵੁੱਡ ਅਭਿਨੇਤਰੀ ਕਰੀਨਾ ਕਪੂਰ ਨੇ ਪੰਕਜ ਕਪੂਰ ਨਾਲ 'ਮੈਂ ਪ੍ਰੇਮ ਕੀ ਦੀਵਾਨੀ ਹੂੰ' ਫਿਲਮ ਵਿਚ ਕੰਮ ਕੀਤਾ ਸੀ। ਇਸ ਤੋਂ ਬਾਅਦ ਉਹਨਾਂ ਦੇ ਮੁੰਡੇ ਸ਼ਾਹਿਦ ਕਪੂਰ ਨਾਲ 'ਜਬ ਵੀ ਮੇਟ' ਫਿਲਮ ਵਿਚ ਕੰਮ ਕੀਤਾ।

**ਸੋਨਮ ਕਪੂਰ**

ਸੋਨਮ ਕਪੂਰ ਨੇ ਰਿਸ਼ੀ ਕਪੂਰ ਨਾਲ 'ਬੇਵਕੂਫੀਆਂ' ਫਿਲਮ ਵਿਚ ਕੰਮ ਕੀਤਾ ਅਤੇ ਫਿਰ ਰਣਬੀਰ ਕਪੂਰ ਦੇ ਨਾਲ 'ਸਾਂਵਰੀਆ' ਫਿਲਮ ਵਿਚ ਕੰਮ ਕੀਤਾ।

**ਅਨੁਸ਼ਕਾ ਸ਼ਰਮਾ**

ਅਨੁਸ਼ਕਾ ਸ਼ਰਮਾ ਨੇ ਪੰਕਜ ਕਪੂਰ ਨਾਲ 'ਮਟਰੂ ਕੀ ਬਿਜਲੀ ਕਾ ਮਨ ਡੋਲਾ' ਫਿਲਮ ਵਿਚ ਕੰਮ ਕੀਤਾ ਸੀ। ਇਸ ਤੋਂ ਬਾਅਦ ਉਸਦੇ ਮੁੰਡੇ ਸ਼ਾਹਿਦ ਕਪੂਰ ਨਾਲ 'ਬਦਮਾਸ਼ ਕੰਪਨੀ' ਵਿਚ ਕੰਮ ਕੀਤਾ।

## ਮਹਿੰਗੀ ਕਾਰ ਤੇ ਨਹੀਂ ਹਵਾਈ ਜਹਾਜ਼ ਤੇ ਰੋਜ਼ ਆਫਿਸ ਜਾਂਦਾ ਹੈ ਇਹ ਆਦਮੀ

ਇਸ ਵਿਅਕਤੀ ਦਾ ਨਾਂ ਹੈ ਕਰਟ ਵੋਨ। ਵੋਨ ਬਡਿੰਸਕੀ ਪੇਸ਼ੇ ਤੋਂ ਮਕੈਨੀਕਲ ਇੰਜੀਨੀਅਰ ਹੈ। ਉਹ ਇਕ ਟੈਕ ਕੰਪਨੀ ਦੇ ਕੋ-ਫਾਊਂਡਰ ਵੀ ਹਨ। ਉਹਨਾਂ ਦਾ ਆਫਿਸ ਸੈਨ ਫਰਾਂਸਿਸਕੋ ਵਿਚ ਹੈ। ਲਾਸ ਏਂਜਲਸ ਵਿਚ ਰਹਿਣ ਵਾਲਾ ਇਹ ਵਿਅਕਤੀ ਰੋਜ਼ ਫਲਾਈਟ ਤੇ ਆਫਿਸ ਜਾਂਦ ਹੈ। ਕਰਟ ਨੂੰ ਆਫਿਸ ਜਾਣ ਅਤੇ ਆਉਣ ਲਈ 6 ਘੰਟੇ ਦਾ ਵਕਤ ਲੱਗਦਾ ਹੈ। ਫਲਾਈਟ ਦੇ ਕਿਰਾਏ ਦੇ ਤੌਰ ਤੇ ਉਸਨੂੰ ਹਰ ਮਹੀਨੇ ਕਰੀਬ ਡੇਢ ਲੱਖ ਰੁਪਏ ਖਰਚ ਕਰਨੇ ਪੈਂਦੇ ਹਨ। ਉਸਨੇ ਸਿੰਗਲ ਇੰਜਣ ਟਰਬੋਪ੍ਰੋਪ ਏਅਰੋਪਲੇਨ ਦੀ ਸਰਵਿਸ ਲੈ ਰੱਖੀ ਹੈ। ਇਸ ਸਰਵਿਸ ਵਿਚ ਉਹ ਇੰਨੇ ਹੀ ਪੈਸੇ ਵਿਚ ਅਨਲਿਮਟਿਡ ਟ੍ਰੈਵਲ ਕਰ ਸਕਦਾ ਹੈ।

ਫਲਾਈਟ ਲੈਣ ਦੇ ਲਈ ਉਹਨਾਂ ਨੂੰ ਘਰ ਤੋਂ ਏਅਰਪੋਰਟ ਤੱਕ ਡ੍ਰਾਈਵ ਕਰਕੇ ਜਾਣਾ ਹੁੰਦਾ ਹੈ। ਕਰਟ ਹਫਤੇ ਵਿਚ ਪੰਜ ਦਿਨ ਆਫਿਸ ਜਾਂਦਾ ਹੈ। ਸਵੇਰੇ 5.30 ਵਜੇ ਜਾਗਣ ਵਾਲੇ ਕਰਟ 8.30 ਵਜੇ ਆਫਿਸ ਪਹੁੰਚਦੇ ਹਨ। ਸ਼ਾਮ ਨੂੰ 5 ਵਜੇ ਫਰੀ ਹੋ ਜਾਂਦਾ ਹੈ। ਉਹ ਰਾਤ ਨੂੰ 9 ਵਜੇ ਤੱਕ ਘਰ ਪਹੁੰਚਦਾ ਹੈ। ਉਸਨੂੰ ਫਲਾਈਟ ਲੈਣ ਦੌਰਾਨ ਆਮ ਤੌਰ ਤੇ ਸੁਰੱਖਿਆ ਜਾਂਚ ਵਿਚੋਂ ਨਹੀਂ ਲੰਘਣਾ ਪੈਂਦਾ। ਉਹ ਪਾਰਕਿੰਗ ਤੋਂ ਸਿੱਧਾ ਹੀ ਪਲੇਨ ਵਿਚ ਚਲਿਆ ਜਾਂਦਾ ਹੈ। ਪਲੇਟ ਵਿਚ ਵੀ ਉਹ ਆਪਣਾ ਕੰਮ ਕਰਦਾ ਹੈ। ਕਰਟ ਕਹਿੰਦਾ ਹੈ ਕਿ ਜਦੋਂ ਵੀ ਉਹ ਲੋਕਾਂ ਨੂੰ ਦੱਸਦਾ ਹੈ ਕਿ ਉਹ ਰੋਜ਼ ਲਾਸ ਏਂਜਲਸ ਆਉਂਦਾ ਹੈ ਤਾਂ ਲੋਕ ਹੈਰਾਨ ਹੋ ਜਾਂਦੇ ਹਨ ਪਰ ਉਸਦੇ ਕਹਿਣਾ ਹੈ ਕਿ ਉਹ ਛੇ ਘੰਟੇ ਦੀ ਯਾਤਰੀ ਦੀ ਜ਼ਰੂਰਤ ਨੂੰ ਸਮਝਦੇ ਹਨ।

# ਕਲਪਨਾ ਤੋਂ ਵੀ ਖ਼ੂਬਸੂਰਤ ਹੈ ਕਲਪਾ

ਬੇਹੱਦ ਖ਼ੂਬਸੂਰਤ ਥਾਵਾਂ ਵਿੱਚ ਕਿਨੌਰ ਦਾ ਨਾਂ ਵੀ ਸ਼ਾਮਲ ਹੈ। ਕਿਨੌਰ ਦਾ ਪੂਰਾ ਖੇਤਰ ਕੁਦਰਤੀ ਸੁੰਦਰਤਾ ਦੀ ਜਿਊਂਦੀ ਜਾਗਦੀ ਮਿਸਾਲ ਹੈ। ਕਿਤੇ ਆਸਮਾਨ ਨਾਲ ਗੱਲਾਂ ਕਰਦੇ ਬਰਫ਼ੀਲੇ ਪਹਾੜ, ਬੱਦਲਾਂ 'ਚ ਲਿਪਟੇ ਬਿਰਖ਼, ਫ਼ਲਾਂ ਦੀ ਮਿੱਠੀ ਮਿੱਠੀ ਮਹਿਕ, ਫੁੱਲਾਂ ਦੀ ਚਾਦਰ ਹੇਠ ਢਕੀਆਂ ਘਾਟੀਆਂ ਅਤੇ ਕਲਕਲ ਵਹਿੰਦੇ ਝਰਨੇ ਆਦਿ ਦੇਖਣ ਵਾਲੇ ਨੂੰ ਮੰਤਰ ਮੁਗਧ ਕਰ ਦਿੰਦੇ ਹਨ। ਕਿਨੌਰ ਜ਼ਿਲ੍ਹੇ ਦਾ ਕਸਬਾ ਕਲਪਾ ਅਜਿਹੇ ਹੀ ਕੁਦਰਤੀ ਨਜ਼ਾਰਿਆਂ ਦੀ ਖਾਣ ਹੈ। ਸ਼ਿਮਲੇ ਵੱਲੋਂ ਜਾਂਦਿਆਂ ਰਾਮਪੁਰ ਬੂਸ਼ਹਿਰ ਤੋਂ ਚਾਲੀ ਕਿਲੋਮੀਟਰ ਅੱਗੇ ਚੌਰਾ ਪਿੰਡ ਕੋਲੋਂ ਕਿਨੌਰ ਦੀ ਹੱਦ ਸ਼ੁਰੂ ਹੋ ਜਾਂਦੀ ਹੈ। ਇੱਥੇ ਸੜਕ ਇੱਕ ਛੋਟੀ ਜਿਹੀ ਗੁਫ਼ਾ ਵਿੱਚੋਂ ਦੀ ਗੁਜ਼ਰਦੀ ਹੈ ਜਿਸ ਨੂੰ 'ਕਿਨੌਰੀ ਗੇਟ' ਵੀ ਆਖਦੇ ਹਨ। ਅੱਗੇ ਸਤਲੁਜ ਦੇ ਨਾਲ ਨਾਲ ਜਾਂਦਾ ਗੁਫ਼ਾਨੁਮਾ ਰਸਤਾ ਸਫ਼ਰ ਵਿੱਚ ਰੋਮਾਂਚ ਭਰ ਦਿੰਦਾ ਹੈ।ਖ਼ੂਬਸੂਰਤ ਦ੍ਰਿਸ਼ਾਵਲੀ, ਸ਼ਾਂਤ ਆਲੇ ਦੁਆਲੇ, ਰਮਣੀਕ ਮੌਸਮ ਅਤੇ ਰੋਮਾਂਚਿਕ ਰਸਤੇ ਦਾ ਆਨੰਦ ਮਾਣਦੇ ਹੋਏ ਅਸੀਂ ਸਤਲੁਜ ਤੇ ਬਸਪਾ ਦੇ ਸੰਗਮ ਸਥਾਨ ਕੜਛਮ ਪਹੁੰਚ ਗਏ। ਕੜਛਮ ਵਿਖੇ ਡੈਮ ਦੀ ਝੀਲ ਵਿੱਚ ਇੱਕ ਪਾਸੇ ਤੋਂ ਸਤਲੁਜ ਦਾ ਗੰਧਲਾ ਪਾਣੀ ਆ ਰਿਹਾ ਸੀ ਅਤੇ ਦੂਜੇ ਪਾਸਿਓਂ ਬਸਪਾ ਨਦੀ ਦਾ ਸਾਫ਼ ਤੇ ਨੀਲਾ ਪਾਣੀ। ਕੜਛਮ ਤੋਂ ਹੀ ਸਾਂਗਲਾ ਘਾਟੀ ਲਈ ਸੜਕ ਜਾਂਦੀ ਹੈ ਜਦੋਂਕਿ ਸਤਲੁਜ ਦੇ ਨਾਲ ਨਾਲ ਹਿੰਦੋਸਤਾਨ-ਤਿੱਬਤ ਮਾਰਗ ਉੱਤੇ ਚੱਲਦੇ ਚੱਲਦੇ ਪੋਵਾਰੀ ਨਾਂ ਦਾ ਪਿੰਡ ਆਉਂਦਾ ਹੈ। ਪੋਵਾਰੀ ਤੋਂ ਖੱਬੇ ਪਾਸੇ ਇੱਕ ਖਸਤਾ ਜਿਹੀ ਸੜਕ ਉੱਪਰ ਵੱਲ ਨੂੰ ਚੜ੍ਹਦੀ ਹੈ। ਦਸ ਕੁ ਕਿਲੋਮੀਟਰ ਚੱਲਣ ਤੋਂ ਬਾਅਦ ਕਿਨੌਰ ਦੇ ਜ਼ਿਲ੍ਹਾ ਹੈੱਡਕੁਆਰਟਰ ਰਿਕਾਂਗ ਪੀਓ ਦਾ ਮੁੱਖ ਚੌਕ ਆ ਜਾਂਦਾ ਹੈ। ਇਹ ਕਾਫ਼ੀ ਵਿਕਸਤ ਤੇ ਖ਼ੂਬਸੂਰਤ ਥਾਂ ਹੈ। ਕਿਨੌਰੀ ਟੋਪੀਆਂ ਪਹਿਨ ਕੇ ਬਾਜ਼ਾਰ ਵਿੱਚ ਟਹਿਲ ਰਹੇ ਲੋਕ ਕਿਸੇ ਹੋਰ ਦੁਨੀਆਂ ਤੋਂ ਆਏ ਜਾਪਦੇ ਹਨ। ਸ਼ਹਿਰ ਨੂੰ ਦੇਖਦਿਆਂ ਬੁੱਧ ਧਰਮ ਦੀ ਝਲਕ ਵੀ ਨਜ਼ਰ ਆਉਂਦੀ ਹੈ। ਸ਼ਹਿਰ ਦੀਆਂ ਇੱਕ ਦੂਜੇ ਨਾਲੋਂ ਉੱਚੀਆਂ ਹੁੰਦੀਆਂ ਜਾਂਦੀਆਂ ਇਮਾਰਤਾਂ ਖ਼ੂਬਸੂਰਤ ਲੱਗਦੀਆਂ ਹਨ। ਇਹ ਸਮੁੰਦਰੀ ਤਲ ਤੋਂ ਤਕਰੀਬਨ ਸਾਢੇ ਸੱਤ ਹਜ਼ਾਰ ਫੁੱਟ ਦੀ ਉਚਾਈ ਉੱਤੇ ਵਸਿਆ ਹੋਇਆ ਹੈ। ਹਰ ਤਰ੍ਹਾਂ ਦੀਆਂ ਆਧੁਨਿਕ ਸਹੂਲਤਾਂ ਨਾਲ ਲੈਸ ਰਿਕਾਂਗ ਪੀਓ ਇੱਕ ਮਹੱਤਵਪੂਰਨ ਸਥਾਨ ਹੈ। ਇੱਥੇ ਹੋਟਲ, ਰੈਸਤਰਾਂ, ਬੈਂਕ, ਏਟੀਐੱਮ, ਸਕੂਲ, ਕਾਲਜ, ਹਸਪਤਾਲ, ਪੈਟਰੋਲ ਪੰਪ ਆਦਿ ਹਰ ਤਰ੍ਹਾਂ ਦੀਆਂ ਸਹੂਲਤਾਂ ਮੌਜੂਦ ਹਨ। ਇੱਥੋਂ ਦੇ ਬਾਜ਼ਾਰ ਵਿੱਚੋਂ ਸੈਲਾਨੀ ਕਿਨੌਰੀ ਸ਼ਾਲ, ਟੋਪੀਆਂ, ਊਨੀ ਕੱਪੜੇ, ਕੋਟ, ਜੈਕਟਾਂ ਅਤੇ ਹੱਥ ਨਾਲ ਤਿਆਰ ਕੀਤੀਆਂ ਵਸਤੂਆਂ ਬੜੇ ਸ਼ੌਕ ਨਾਲ ਖ਼ਰੀਦਦੇ ਹਨ। ਬਾਜ਼ਾਰ ਵਿੱਚ ਚਹਿਲ ਪਹਿਲ ਤਾਂ ਹੁੰਦੀ ਹੈ, ਪਰ ਮੈਦਾਨੀ ਇਲਾਕਿਆਂ ਵਾਂਗੂੰ ਸ਼ੋਰ-ਸ਼ਰਾਬਾ ਨਹੀਂ ਹੈ। ਇਸ ਮਗਰੋਂ ਅਸੀਂ ਆਪਣੀ ਮੰਜ਼ਿਲ ਕਲਪਾ ਵੱਲ ਰਵਾਨਾ ਹੋ ਗਏ ਜੋ ਪੀਓ ਤੋਂ ਬਾਰ੍ਹਾਂ ਕਿਲੋਮੀਟਰ ਅੱਗੇ ਸਮੁੰਦਰੀ ਤਲ ਤੋਂ ਤਕਰੀਬਨ ਸਾਢੇ ਨੌਂ ਹਜ਼ਾਰ ਫੁੱਟ ਦੀ ਉਚਾਈ 'ਤੇ ਸਥਿਤ ਹੈ। ਇਹ ਸਾਰਾ ਰਸਤਾ ਅਨੇਕਾਂ ਮਨਮੋਹਕ ਦ੍ਰਿਸ਼ਾਂ ਨਾਲ ਭਰਪੂਰ ਹੈ। ਪੈਰ ਪੈਰ ਉੱਤੇ ਕੂਹਣੀ ਮੋੜ ਸਵਾਗਤ ਕਰਦੇ ਹਨ ਅਤੇ ਹਰ ਮੋੜ ਤੋਂ ਚੜ੍ਹਾਈ ਹੋਰ ਤਿੱਖੀ ਹੁੰਦੀ ਜਾਂਦੀ ਹੈ। ਇਹ ਸੜਕ ਦਿਉਦਾਰ ਦੇ ਸੰਘਣੇ ਜੰਗਲ ਵਿੱਚੋਂ ਹੋ ਕੇ ਗੁਜ਼ਰਦੀ ਹੈ। ਸੇਬ, ਖੁਰਮਾਨੀ, ਅਲੂਚੇ ਤੇ ਅਖਰੋਟ ਦੇ ਬਗੀਚਿਆਂ ਅਤੇ ਦਿਉਦਾਰ ਦੇ ਵੱਡੇ ਵੱਡੇ ਰੁੱਖਾਂ ਵਿਚਕਾਰ ਘਿਰਿਆ ਕਲਪਾ, ਕਲਪਨਾ ਨਾਲੋਂ ਵੀ ਵੱਧ ਖ਼ੂਬਸੂਰਤ ਹੈ।

ਇਸ ਦੇ ਬਾਹਰਵਾਰ ਸੜਕ ਉੱਪਰ ਸਥਿਤ ਦੇਵਰਾਜ ਨੈਗੀ ਖੇਡ ਸਟੇਡੀਅਮ ਸੈਲਾਨੀਆਂ ਨੂੰ ਜੀ ਆਇਆਂ ਕਹਿੰਦਾ ਹੈ। ਸਟੇਡੀਅਮ ਦੇ ਨਾਲ ਹੀ ਸਰਕਾਰੀ ਸੈਕੰਡਰੀ ਸਕੂਲ ਦੀ ਇਮਾਰਤ ਹੈ। ਇੱਥੋਂ ਹੀ ਕਲਪਾ ਦੇ ਮੁੱਖ ਬਾਜ਼ਾਰ ਤੇ ਬੋਧੀ ਮੰਦਿਰ ਵੱਲ ਰਸਤਾ ਜਾਂਦਾ ਹੈ। ਅਸੀਂ ਜਾਣਕਾਰੀ ਨਾ ਹੋਣ ਕਾਰਨ ਅੱਗੇ ਪਾਂਗੀ ਰੋਡ ਨੂੰ ਚਲੇ ਗਏ। ਥੋੜ੍ਹਾ ਅੱਗੇ ਜਾ ਕੇ ਤਿਰਾਹਾ ਬਣਦਾ ਹੈ ਜਿੱਥੋਂ ਸਿੱਧੀ ਸੜਕ ਪਾਂਗੀ ਨੂੰ ਤੇ ਦੂਜੀ ਕੂਹੜੀ ਮੋੜ ਮੁੜ ਕੇ ਕਲਪਾ ਨੂੰ ਪੁੱਜਦੀ ਹੈ। ਇੱਥੇ ਵੀ ਛੋਟਾ ਜਿਹਾ ਬਾਜ਼ਾਰ ਹੈ ਤੇ ਕਈ ਹੋਟਲ ਵੀ ਹਨ। ਅੱਗੇ ਜਾ ਕੇ ਫਿਰ ਚੜ੍ਹਾਈ ਤੇ ਦਿਉਦਾਰ ਦਾ ਜੰਗਲ ਸ਼ੁਰੂ ਹੋ ਜਾਂਦਾ ਹੈ। ਇਸ ਤੋਂ ਅੱਗੇ ਜਾ ਕੇ ਹੋਟਲ ਤੇ ਘਰ ਦਿਖਾਈ ਦੇਣ ਲੱਗਦੇ ਹਨ। ਇਹ ਸੜਕ ਕਾਫ਼ੀ ਉੱਚੀ ਹੋਣ ਕਾਰਨ ਹੇਠਾਂ ਪੂਰੇ ਕਲਪਾ ਸ਼ਹਿਰ ਦਾ ਦ੍ਰਿਸ਼ ਨਜ਼ਰ ਆਉਂਦਾ ਹੈ। ਸ਼ਹਿਰ ਵਿਚਲੇ ਛੋਟੇ ਛੋਟੇ ਮਕਾਨ ਸ਼ਤਰੰਜ ਦੇ ਮੋਹਰਿਆਂ ਵਾਂਗ ਚਿਣੇ ਨਜ਼ਰ ਆਉਂਦੇ ਹਨ।

ਕਲਪਾ ਇੱਕ ਪੁਰਾਤਨ ਕਸਬਾ ਹੈ ਜੋ ਹਿੰਦੂ ਤੇ ਬੋਧੀ ਸੱਭਿਆਚਾਰ ਦਾ ਸੁਮੇਲ ਹੈ। ਦੋਵੇਂ ਧਰਮਾਂ ਦੇ ਲੋਕ ਆਪਸ ਵਿੱਚ ਮਿਲਜੁਲ ਕੇ ਰਹਿੰਦੇ ਹਨ। ਇੱਥੋਂ ਦੇ ਘਰਾਂ, ਮੰਦਿਰਾਂ ਤੇ ਰਸਮਾਂ ਰਿਵਾਜਾਂ ਵਿੱਚ ਕਿਨੌਰੀ ਅਤੇ ਤਿੱਬਤੀ ਰੰਗ ਦੇਖਣ ਨੂੰ ਮਿਲਦੇ ਹਨ। ਪੁਰਾਤਨ ਹਿੰਦੋਸਤਾਨ-ਤਿੱਬਤ ਮਾਰਗ ਉੱਪਰ ਸਥਿਤ ਹੋਣ ਕਾਰਨ ਕਲਪਾ ਸ਼ੁਰੂ ਤੋਂ ਹੀ ਮਹੱਤਵਪੂਰਨ ਰਿਹਾ ਹੈ। ਰਿਕਾਂਗ ਪੀਓ ਤੋਂ ਪਹਿਲਾਂ ਕਿਨੌਰ ਦਾ ਜ਼ਿਲ੍ਹਾ ਹੈੱਡਕੁਆਟਰ ਕਲਪਾ ਹੀ ਸੀ। ਸੇਬ ਦੇ ਬਗੀਚੇ, ਦਿਉਦਾਰ ਦੇ ਸੰਘਣੇ ਰੁੱਖ, ਧੁੱਪ ਵਿੱਚ ਚਾਂਦੀ ਵਾਂਗ ਚਮਕਦੀਆਂ ਬਰਫ਼ਾਂ ਲੱਦੀਆਂ ਚੋਟੀਆਂ, ਬੋਧੀ ਮੱਠ ਤੇ ਨਰਾਇਣ ਨਾਗਣੀ ਮੰਦਿਰ ਕਲਪਾ ਦੀ ਖਾਸੀਅਤ ਹਨ। ਬੋਧੀ ਮੱਠ ਤੇ ਨਰਾਇਣ ਨਾਗਣੀ ਸ਼ਹਿਰ ਦੇ ਕੇਂਦਰ ਵਿੱਚ ਉੱਚੀ ਜਗ੍ਹਾ ਉੱਤੇ ਸਥਿਤ ਹਨ। ਛੋਟਾ ਜਿਹਾ ਬਾਜ਼ਾਰ, ਤੰਗ ਜਿਹੀਆਂ ਗਲੀਆਂ ਅਤੇ ਲੱਕੜੀ ਦੇ ਰਵਾਇਤੀ ਘਰ ਪੁਰਾਤਨਤਾ ਦਾ ਅਹਿਸਾਸ ਕਰਵਾਉਂਦੇ ਹਨ। ਇੱਕ ਤੰਗ ਜਿਹੀ ਗਲੀ ਵਿੱਚ ਹੀ ਕਲਪਾ ਦਾ ਬੋਧੀ ਮੱਠ ਹੈ। ਇਹ ਤਾਬੋ ਦੇ ਮੱਠ ਜਿੰਨਾ ਹੀ ਪੁਰਾਣਾ ਹੈ, ਪਰ ਉਸ ਜਿੰਨਾ ਹਰਮਨ ਪਿਆਰਾ ਨਹੀਂ ਹੈ। ਨਾਲ ਹੀ ਕਿਨੌਰ ਜ਼ਿਲ੍ਹੇ ਦਾ ਪਹਿਲਾ ਪ੍ਰਾਇਮਰੀ ਸਕੂਲ ਹੈ ਜੋ 1890 ਵਿੱਚ ਬਣਿਆ ਸੀ। ਸਕੂਲ ਪਿੱਛੇ ਨਜ਼ਰ ਆਉਂਦੀ ਚੰਦਰਿਕਾ ਦੇਵੀ ਮੰਦਿਰ ਦੀ ਉੱਚੀ ਇਮਾਰਤ ਬਹੁਤ ਹੀ ਸੁੰਦਰ ਲੱਗਦੀ ਹੈ। ਸਕੂਲ ਦੇ ਵਿਹੜੇ ਵਿੱਚੋਂ ਲੰਘ ਕੇ ਮੰਦਿਰ ਦੇ ਵਿਹੜੇ ਵਿੱਚ ਪੁੱਜਿਆ ਜਾਂਦਾ ਹੈ। ਇੱਥੋਂ ਕਿੰਨਰ ਕੈਲਾਸ਼ ਪਰਬਤਮਾਲਾ ਬਿਲਕੁਲ ਸਾਹਮਣੇ ਨਜ਼ਰ ਆਉਂਦੀ ਹੈ। ਬਰਫ ਨਾਲ ਢਕੀਆਂ ਜੌਰਕੰਡੇਨ, ਕਿੰਨਰ ਕੈਲਾਸ਼ ਤੇ ਰਾਲਦਾਂਗ ਚੋਟੀਆਂ ਦਾ ਅਦਭੁੱਤ ਨਜ਼ਾਰਾ ਦੇਖ ਕੇ ਅੱਖਾਂ 'ਤੇ ਯਕੀਨ ਨਹੀਂ ਆਉਂਦਾ। ਕਲਪਾ ਵਿਖੇ ਚੜ੍ਹਦੇ ਸੂਰਜ ਦਾ ਦ੍ਰਿਸ਼ ਵੀ ਅਤਿ ਮਨਮੋਹਕ ਹੁੰਦਾ ਹੈ।

ਸਥਾਨਕ ਵਸਨੀਕਾਂ ਦੇ ਦੱਸਣ ਮੁਤਾਬਿਕ ਸਵੇਰ ਤੋਂ ਸ਼ਾਮ ਤਕ ਕਿੰਨਰ ਕੈਲਾਸ਼ ਪਰਬਤ ਸੂਰਜ ਦੀ ਸਥਿਤੀ ਅਨੁਸਾਰ ਸੱਤ ਰੰਗ ਬਦਲਦਾ ਹੈ। 6,050 ਮੀਟਰ ਉੱਚੇ ਕਿੰਨਰ ਕੈਲਾਸ਼ ਨੂ

# ਖੇਤੀਬਾੜੀ

*ਫ਼ਸਲਾਂ ਦੇ ਮਿਆਰੀ ਉਤਪਾਦਨ ਲਈ ਦੋ ਤੋਂ ਤਿੰਨ ਸਾਲ ਬਾਅਦ ਖੇਤ ਦੀ ਮਿੱਟੀ ਦੀ ਪਰਖ ਜ਼ਰੂਰ ਕਰਵਾਉਣੀ ਚਾਹੀਦੀ ਹੈ। ਇਸੇ ਪਰਖ ਦੇ ਆਧਾਰ 'ਤੇ ਹੀ ਖੇਤ ਵਿਚ ਸੂਖ਼ਮ ਤੱਤਾਂ ਅਤੇ ਖਾਦਾਂ ਦੀ ਮਾਤਰਾ ਨਿਰਧਾਰਤ ਕੀਤੀ ਜਾਂਦੀ ਹੈ...*

## ਮਿੱਟੀ ਪਰਖ ਲਾਹੇਵੰਦ ਖੇਤੀ ਵੱਲ ਇਕ ਕਦਮ

ਨੇਹਾ ਬੱਤਰਾ, ਜਤਿੰਦਰ ਮੰਨਣ

ਵਧਦੀ ਹੋਈ ਜਨਸੰਖਿਆ ਦੀ ਮੰਗ ਨੂੰ ਪੂਰਾ ਕਰਨ ਲਈ ਜ਼ਿਆਦਾ ਝਾੜ ਲੈਣਾ ਬੇਹੱਦ ਜ਼ਰੂਰੀ ਹੈ। ਜਿਸ ਤਰ੍ਹਾਂ ਤੰਦਰੁਸਤ ਰਹਿਣ ਲਈ ਸਾਨੂੰ ਤਰ੍ਹਾਂ-ਤਰ੍ਹਾਂ ਦੀ ਖ਼ੁਰਾਕ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਹੀ ਤੰਦੁਰਸਤ ਮਿੱਟੀ ਲਈ ਉਸ ਵਿਚ ਮੌਜੂਦ ਤੱਤਾਂ ਦੀ ਜਾਂਚ ਕਰਨੀ ਬਹੁਤ ਜ਼ਰੂਰੀ ਹੈ। ਮਿੱਟੀ ਪਰਖ ਉਹ ਰਸਾਇਣਕ ਵਿਧੀ ਹੈ ਜਿਸ ਤੋ ਸਾਨੂੰ ਮਿੱਟੀ ਦੀ ਉਪਜਾਊ ਸ਼ਕਤੀ ਜਾਂ ਉਸ 'ਚ ਮੌਜੂਦ ਤੱਤਾਂ ਦੀ ਮਾਤਰਾ ਬਾਰੇ ਸਹੀ ਜਾਣਕਾਰੀ ਮਿਲਦੀ ਹੈ, ਜਿਸ ਨਾਲ ਆਉਣ ਵਾਲੀ ਫ਼ਸਲ ਦੀ ਚੰਗੀ ਪੈਦਾਵਾਰ ਲੈਣ ਲਈ ਤੱਤਾਂ ਤੇ ਖਾਦਾਂ ਦੀ ਸਹੀ ਮਾਤਰਾ ਨਿਰਧਾਰਤ ਕੀਤੀ ਜਾ ਸਕਦੀ ਹੈ। ਕਈ ਵਾਰ ਘੱਟ ਝਾੜ ਦਾ ਕਾਰਨ ਮਿੱਟੀ ਵਿਚ ਲੋੜੀਂਦੇ ਤੱਤਾਂ ਤੋਂ ਇਲਾਵਾ ਕੁਝ ਹੋਰ ਵੀ ਹੋ ਸਕਦਾ ਹੈ ਜਿਵੇਂ ਲੂਣੀਆਂ ਜਾਂ ਖਾਰੀਆਂ ਜ਼ਮੀਨਾਂ।ਵੀ ਉਤਪਾਦਨ 'ਚ ਗਿਰਾਵਟ ਦਾ ਕਾਰਨ ਬਣ ਸਕਦੀਆਂ ਹਨ। ਮਿੱਟੀ ਪਰਖ ਦੌਰਾਨ ਇਨ੍ਹਾਂ ਤੱਤਾਂ ਦੀ ਜਾਂਚ ਕੀਤੀ ਜਾਂਦੀ ਹੈ:

### ਖਾਰੀ ਅੰਗ

ਇਸ ਤੋਂ ਮਿੱਟੀ ਦੇ ਤੇਜ਼ਾਬੀ ਅਤੇ ਖਾਰੇਪਣ ਬਾਰੇ ਪਤਾ ਲੱਗਦਾ ਹੈ। ਮਿੱਟੀ ਵਿਚ ਇਸ ਦੀ ਮਾਤਰਾ 6.5 ਤੋਂ 8.7 ਹੋਣੀ ਚਾਹੀਦੀ ਹੈ ਜੋ ਕਿ ਫ਼ਸਲ ਦੇ ਵਾਧੇ ਲਈ ਲਾਹੇਵੰਦ ਮੰਨੀ ਜਾਂਦੀ ਹੈ। ਜੇ ਇਸ ਦੀ ਮਾਤਰਾ 8.8-9.3 ਹੋਵੇ ਤਾਂ ਉਸ ਨੂੰ 'ਖਾਰੀ ਮਿੱਟੀ' ਕਿਹਾ ਜਾਂਦਾ ਹੈ ਅਤੇ ਇਸ ਨੂੰ ਦੂਰ ਕਰਨ ਲਈ ਰੂੜੀ ਦੀ ਖਾਦ ਜਾਂ ਹਰੀ ਖਾਦ ਦੀ ਵਰਤੋਂ ਕੀਤੀ ਜਾਂਦੀ ਹੈ। ਜੇ ਇਹ ਮਾਤਰਾ 9.3 ਤੋ ਵੱਧ ਹੋਵੇ ਤਾਂ ਮਿੱਟੀ ਵਿਚ 'ਕਾਲਾ ਕੱਲਰ' ਹੋਣ ਦੀ ਸੰਭਾਵਨਾ ਹੈ ਅਤੇ ਅਜਿਹੀ ਸਥਿਤੀ ਵਿਚ ਖੇਤ 'ਚ ਜਿਪਸਮ ਪਾਉਣ ਦੀ ਲੋੜ ਹੁੰਦੀ ਹੈ।

### ਨਮਕੀਨ ਪਦਾਰਥ

ਪਰਖ ਦੌਰਾਨ ਮਿੱਟੀ ਵਿਚ ਮੌਜੂਦ ਨਮਕੀਨ ਪਦਾਰਥ ਦਾ ਵੀ ਪਤਾ ਲਗਾਇਆ ਜਾਂਦਾ ਹੈ ਅਤੇ ਇਸ ਦੀ ਇਕਾਈ 0.9 ਤੋਂ ਘੱਟ ਹੋਣੀ ਚਾਹੀਦੀ ਹੈ ਜੋ ਕਿ ਫ਼ਸਲ ਲਈ ਠੀਕ ਮੰਨੀ ਜਾਂਦੀ ਹੈ। ਜੇ ਇਹ ਇਕਾਈ 0.8 ਤੋਂ ਵੱਧ ਹੈ ਤਾਂ ਮਿੱਟੀ ਵਿਚ 'ਚਿੱਟਾ ਕੱਲਰ' ਹੈ। ਇਨ੍ਹਾਂ ਜ਼ਮੀਨਾਂ ਵਿਚ ਆਮ ਜ਼ਮੀਨਾਂ ਨਾਲੋਂ 25 ਫ਼ੀਸਦੀ ਵਧੇਰੇ ਨਾਈਟਰੋਜਨ ਖਾਦ ਦੀ ਲੋੜ ਹੁੰਦੀ ਹੈ ਅਤੇ ਇਨ੍ਹਾਂ ਵਿਚ ਜੈਵਿਕ ਖਾਦਾਂ/ਹਰੀਆਂ ਖਾਦਾਂ/ਫ਼ਸਲਾਂ ਦੀ ਰਹਿੰਦ-ਖੂੰਹਦ ਪਾਉਣਾ ਲਾਭਦਾਇਕ ਹੁੰਦਾ ਹੈ।

### ਜੈਵਿਕ ਕਾਰਬਨ

ਮਿੱਟੀ ਪਰਖ ਪ੍ਰਯੋਗਸ਼ਾਲਾ ਵਿਚ ਨਾਈਟਰੋਜਨ ਖਾਦ ਦੀ ਸਿਫਾਰਸ਼ ਜੈਵਿਕ ਕਾਰਬਨ ਦੀ ਮਾਤਰਾ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਜੈਵਿਕ ਕਾਰਬਨ ਦੀ ਮਾਤਰਾ ਅਨੁਸਾਰ ਜ਼ਮੀਨਾਂ ਨੂੰ ਘੱਟ (0.40 ਫ਼ੀਸਦੀ ਤੋਂ ਘੱਟ), ਦਰਮਿਆਨੀਆਂ (0.40 ਤੋਂ 0.75 ਫ਼ੀਸਦੀ) ਅਤੇ ਵੱਧ (0.75 ਫ਼ੀਸਦੀ ਤੋਂ ਵੱਧ) ਨਾਈਟ੍ਰੋਜਨ ਵਾਲੀਆਂ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ। ਦਰਮਿਆਨੇ ਦਰਜੇ ਦੀਆਂ ਜ਼ਮੀਨਾਂ ਵਾਸਤੇ ਖਾਦਾਂ ਦੀ ਸਿਫਾਰਸ਼ ਦੇ ਮੁਕਾਬਲੇ, ਘੱਟ ਦਰਜੇ ਵਾਲੀਆਂ ਜ਼ਮੀਨਾਂ ਵਿਚ 25 ਫ਼ੀਸਦੀ ਜ਼ਿਆਦਾ ਅਤੇ ਵੱਧ ਦਰਜੇ ਵਾਲੀਆਂ ਜ਼ਮੀਨਾਂ ਵਿਚ 25 ਫ਼ੀਸਦੀ ਘੱਟ ਨਾਈਟ੍ਰੋਜਨ ਵਰਤਣ ਦੀ ਸਿਫਾਰਸ਼ ਕੀਤੀ ਗਈ ਹੈ।

### ਉਪਲਬਧ ਫਾਸਫੋਰਸ

ਜ਼ਮੀਨ ਵਿਚਲੀ ਫਾਸਫੋਰਸ ਦੇ ਆਧਾਰ 'ਤੇ ਮਿੱਟੀ ਨੂੰ 4 ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ। ਇਹ ਸ਼੍ਰੇਣੀਆਂ ਹਨ : ਘੱਟ (5 ਕਿੱਲੋ/ਏਕੜ ਤੋ ਘੱਟ), ਦਰਮਿਆਨੀ (5-9 ਕਿੱਲੋ/ਏਕੜ), ਵੱਧ (9-20 ਕਿੱਲੋ/ਏਕੜ) ਅਤੇ ਬਹੁਤ ਜ਼ਿਆਦਾ (20 ਕਿੱਲੋ ਪ੍ਰਤੀ ਏਕੜ ਤੋਂ ਵੱਧ)। ਘੱਟ ਫਾਸਫੋਰਸ ਵਾਲੀਆਂ ਜ਼ਮੀਨਾਂ ਵਿਚ ਦਰਮਿਆਨੀਆਂ ਜ਼ਮੀਨਾਂ ਲਈ ਸਿਫਾਰਿਸ਼ ਕੀਤੀ ਮਾਤਰਾ: 25 ਫ਼ੀਸਦੀ ਵੱਧ ਖਾਦ ਪਾਉਣ ਦੀ ਲੋੜ ਹੁੰਦੀ ਹੈ ਅਤੇ ਵੱਧ ਫਾਸਫੋਰਸ ਵਾਲੀਆਂ ਜ਼ਮੀਨਾਂ ਵਿਚ ਖਾਦ ਦੀ ਮਾਤਰਾ 25 ਫ਼ੀਸਦੀ ਘਟਾ ਦੇਵੋ। ਬਹੁਤ ਜ਼ਿਆਦਾ ਫਾਸਫੋਰਸ ਵਾਲੀਆਂ ਜ਼ਮੀਨਾਂ ਵਿਚ ਫਾਸਫੋਰਸ ਖਾਦ ਪਾਉਣ ਦੀ ਬਿਲਕੁਲ ਜ਼ਰੂਰਤ ਨਹੀਂ ਹੁੰਦੀ ਪਰ ਅਜਿਹੀਆਂ ਜ਼ਮੀਨਾਂ ਨੂੰ 2 ਤੋਂ 3 ਸਾਲ ਬਾਅਦ ਟੈਸਟ ਜ਼ਰੂਰ ਕਰਵਾ ਲੈਣਾ ਚਾਹੀਦਾ ਹੈ।

### ਛੋਟੇ ਤੱਤ

ਵੱਡੇ ਤੱਤਾਂ ਦੇ ਨਾਲ-ਨਾਲ ਪੰਜਾਬ ਵਿਚ ਛੋਟੇ ਤੱਤਾਂ ਦੀ ਘਾਟ ਵੀ ਜ਼ਮੀਨਾਂ ਵਿਚ ਆਮ ਵੇਖਣ ਨੂੰ ਮਿਲਦੀ ਹੈ। ਆਮ ਤੌਰ 'ਤੇ ਫ਼ਸਲਾਂ ਉੱਪਰ ਜ਼ਿੰਕ, ਮੈਗਨੀਜ਼ ਤੇ ਲੋਹੇ ਦੀ ਘਾਟ ਦੀਆਂ ਨਿਸ਼ਾਨੀਆ ਮਿਲ ਜਾਂਦੀਆਂ ਹਨ। ਇਸ ਲਈ ਵੱਡੇ ਤੱਤਾਂ ਦੇ ਨਾਲ-ਨਾਲ ਛੋਟੇ ਤੱਤਾਂ ਦੀ ਪਰਖ ਵੀ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ। ਮਿੱਟੀ ਪਰਖ ਅਨੁਸਾਰ ਜੇਕਰ ਜ਼ਿੰਕ-0.6 ਕਿੱਲੋਗ੍ਰਾਮ/ਏਕੜ, ਲੋਹਾ-4.5 ਕਿੱਲੋਗ੍ਰਾਮ/ਏਕੜ, ਮੈਗਨੀਜ਼- 3.5 ਕਿੱਲੋਗ੍ਰਾਮ/ਏਕੜ ਅਤੇ ਤਾਂਬਾ 0.2 ਕਿੱਲੋਗ੍ਰਾਮ/ਏਕੜ ਤੋਂ ਘੱਟ ਹੈ ਤਾਂ ਇਨ੍ਹਾਂ ਤੱਤਾਂ ਦੀ ਘਾਟ ਕਾਰਨ ਫ਼ਸਲ ਝਾੜ ਘਟ ਜਾਂਦਾ ਹੈ। ਇਸ ਲਈ ਮਿੱਟੀ ਪਰਖ ਵਿਚ ਵੱਡੇ ਤੱਤਾਂ ਦੇ ਨਾਲ-ਨਾਲ ਛੋਟੇ ਤੱਤਾਂ ਦੀ ਪਰਖ ਵੀ ਜ਼ਰੂਰ ਕਰਵਾਉਣੀ ਚਾਹੀਦੀ ਹੈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਜਿਵੇਂ ਅਸੀਂ ਆਪਣੇ ਸਰੀਰ ਵਿਚ ਕੋਈ ਤਕਲੀਫ਼ ਹੋਣ 'ਤੇ ਇਲਾਜ ਲਈ ਡਾਕਟਰ ਕੋਲ ਜਾਂਦੇ ਹਾਂ ਅਤੇ ਬਿਮਾਰੀ ਦੀ ਸ਼ਿਨਾਖ਼ਤ ਲਈ ਲੋੜੀਂਦੇ ਟੈਸਟ ਕਰਵਾਉਂਦੇ ਹਾਂ, ਉਸੇ ਤਰ੍ਹਾਂ ਜ਼ਮੀਨ ਨੂੰ ਸਿਹਤਮੰਦ ਰੱਖਣ ਲਈ ਮਿੱਟੀ ਪਰਖ ਪ੍ਰਯੋਗਸ਼ਾਲਾ ਵਿਚ ਮਿੱਟੀ ਦੀ ਪਰਖ ਜ਼ਰੂਰ ਕਰਵਾਉਣੀ ਚਾਹੀਦੀ ਹੈ। ਕਿਸਾਨਾਂ ਨੂੰ ਇਸ ਸਹੂਲਤ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ ਤੇ ਹਰ ਦੋ ਸਾਲ ਬਾਅਦ ਖੇਤ ਦੀ ਮਿੱਟੀ ਪਰਖ ਜ਼ਰੂਰ ਕਰਵਾਉਣੀ ਚਾਹੀਦੀ ਹੈ।

• ਮੋਬਾਈਲ 89689-71345

### ਉਪਲਬਧ ਪੋਟਾਸ਼ੀਅਮ

*ਜੇ ਮਿੱਟੀ ਵਿਚ ਪੋਟਾਸ਼ 33 ਕਿੱਲੋ ਪ੍ਰਤੀ ਏਕੜ ਤੋਂ ਘੱਟ ਹੈ ਤਾਂ ਅਜਿਹੀ ਜ਼ਮੀਨ ਵਿਚ ਪੋਟਾਸ਼ ਦੀ ਘਾਟ ਹੁੰਦੀ ਹੈ ਤੇ ਅਜਿਹੀਆਂ ਜ਼ਮੀਨਾਂ ਵਿਚ ਪੋਟਾਸ਼ ਪਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਆਮ ਤੌਰ 'ਤੇ ਕਿਸਾਨ ਪੋਟਾਸ਼ ਦੀ ਵਰਤੋਂ ਨਹੀਂ ਕਰਦੇ ਜਿਸ ਨਾਲ ਫ਼ਸਲਾਂ ਤੋਂ ਪੂਰਾ ਝਾੜ ਨਹੀਂ ਮਿਲਦਾ।*

*ਬਹੁਤ ਜ਼ਿਆਦਾ ਫਾਸਫੋਰਸ ਵਾਲੀਆਂ ਜ਼ਮੀਨਾਂ ਵਿਚ ਫਾਸਫੋਰਸ ਖਾਦ ਪਾਉਣ ਦੀ ਬਿਲਕੁਲ ਜ਼ਰੂਰਤ ਨਹੀਂ ਹੁੰਦੀ ਪਰ ਅਜਿਹੀਆਂ ਜ਼ਮੀਨਾਂ ਦਾ*

**2 ਤੋਂ 3 ਸਾਲ**

*ਬਾਅਦ ਟੈਸਟ ਜ਼ਰੂਰ ਕਰਵਾ ਲੈਣਾ ਚਾਹੀਦਾ ਹੈ...*

# ਸਦਾ ਬਹਾਰ ਫ਼ਲਦਾਰ ਬੂਟੇ ਲਾਉਣ ਦਾ ਢੁੱਕਵਾਂ ਸਮਾਂ

• ਡਾ. ਰਣਜੀਤ ਸਿੰਘ

ਬਰਸਾਤ ਠੀਕ ਪੈ ਰਹੀ ਹੈ। ਉਮੀਦ ਹੈ ਝੋਨੇ ਦੀ ਫ਼ਸਲ ਵਧੀਆ ਹੋਵੇਗੀ ਅਤੇ ਪਾਣੀ ਦੇਣ ਦੀ ਵੀ ਬਹੁਤੀ ਲੋੜ ਨਹੀਂ ਪੈਣ ਲੱਗੀ। ਨਰਮੇ ਉਤੇ ਚਿੱਟੀ ਮੱਖੀ ਵੀ ਕਾਬੂ ਹੇਠ ਹੈ। ਸਾਉਣੀ ਦੀਆਂ ਸਾਰੀਆਂ ਫ਼ਸਲਾਂ ਦੀ ਬਿਜਾਈ ਪੂਰੀ ਹੋ ਚੁੱਕੀ ਹੈ। ਜੇ ਤੁਹਾਡੇ ਕੋਲ ਕੁਝ ਵਿਹਲ ਹੈ ਤਾਂ ਇਹ ਮੌਸਮ ਨਵੇਂ ਪੌਦੇ ਲਗਾਉਣ ਲਈ ਬਹੁਤ ਢੁੱਕਵਾਂ ਹੈ। ਸਦਾ ਬਹਾਰ ਫ਼ਲਦਾਰ ਬੂਟੇ ਲਾਉਣ ਲਈ ਹੁਣ ਢੁੱਕਵਾਂ ਸਮਾਂ ਹੈ। ਪੰਜਾਬ ਵਿੱਚ ਕਿੰਨੋਂ, ਅਮਰੂਦ, ਬੇਰ, ਅੰਬ, ਨਿੰਬੂ, ਆਦਿ ਬੂਟੇ ਹੁਣ ਲਾਏ ਜਾ ਸਕਦੇ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਕਿੰਨੂ ਦੀ ਇੱਕ ਨਵੀਂ ਕਿਸਮ ਪੀਏਯੂ ਕਿੰਨੂ-1 ਤਿਆਰ ਕੀਤੀ ਗਈ ਹੈ। ਵਲੈਨਸ਼ੀਆ, ਮੁਸੰਮੀ, ਜਾਫ਼ਾ, ਬਲੱਡ ਰੈਡ ਮਾਲਟੇ ਦੀਆਂ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਸਟਾਰਰੂਬੀ, ਰੈਡਬਲੱਸ਼, ਮਾਰਸ਼ਸੀਡਲੇਸ, ਡੰਕਨ ਅਤੇ ਫ਼ੋਸਟਰ ਅੰਗੂਰ ਫਲ ਦੀਆਂ ਕਿਸਮਾਂ ਹਨ। ਨਿੰਬੂ ਦੀਆਂ ਯੂਰੇਕਾ, ਪੰਜਾਬ ਬਾਰਾਮਾਸੀ ਨਿੰਬੂ ਅਤੇ ਪੀ.ਏ.ਯੂ. ਬਾਰਾਮਾਸੀ ਨਿੰਬੂ-1 ਕਿਸਮਾਂ ਹਨ।

ਅਮਰੂਦ ਲਗਭਗ ਹਰ ਥਾਂ ਹੀ ਹੋ ਜਾਂਦਾ ਹੈ। ਇਸ ਵਿੱਚ ਵਿਟਾਮਿਨ ਸੀ ਕਾਫ਼ੀ ਹੁੰਦਾ ਹੈ। ਪੰਜਾਬ ਵਿਚ ਕਾਸ਼ਤ ਲਈ ਸ਼ਵੇਤਾ, ਪੰਜਾਬ ਪਿੰਕ, ਅਰਕਾ ਅਮੂਲਿਆ, ਸਰਦਾਰ, ਅਲਾਹਾਬਾਦ ਸਫ਼ੈਦਾ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਇਸ ਵਿਚ ਬਹੁਤ ਖ਼ੁਰਾਕੀ ਤੱਤ, ਜਿਵੇਂ ਵਿਟਾਮਿਨ ਏ, ਬੀ, ਸੀ, ਕੈਲਸ਼ੀਅਮ, ਫ਼ਾਸਫ਼ੋਰਸ ਅਤੇ ਲੋਹਾ ਚੋਖੀ ਮਾਤਰਾ ਵਿੱਚ ਹੁੰਦੇ ਹਨ। ਪੰਜਾਬ ਵਿਚ ਕਾਸ਼ਤ ਲਈ ਅਲਫ਼ੈਜ਼ੋ, ਦੁਸਹਿਰੀ ਅਤੇ ਲੰਗੜਾ ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਪੰਜਾਬ ਵਿਚ ਚੂਪਣ ਵਾਲੇ ਅੰਬਾਂ ਦੇ ਵਧੇਰੇ ਬਗੀਚੇ ਸਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਚੂਪਣ ਵਾਲੇ ਅੰਬਾਂ ਦੀਆਂ ਅੱਠ ਕਿਸਮਾਂ ਦੀ ਚੋਣ ਕੀਤੀ ਗਈ ਹੈ। ਇਹ ਹਨ; ਗੰਗੀਆਂ ਸੰਧੂਰੀ, ਮ ੍ ਡ ੍ ਜੀ ਜੀ.ਐੱਨ.-1, ਜੀ.ਐੱਨ.-2, ਜੀ.ਐੱਨ.-3, ਜੀ.ਐੱਨ.-4, ਜੀ.ਐੱਨ.-5, ਜੀ.ਐੱਨ.-6 ਅਤੇ ਜੀ.ਐੱਨ.-7; ਇਨ੍ਹਾਂ ਵਿੱਚੋਂ ਕਿਸੇ ਵੀ ਕਿਸਮ ਦੇ ਬੂਟੇ ਲਗਾਏ ਜਾ ਸਕਦੇ ਹਨ। ਕੋਸ਼ਿਸ਼ ਕਰੋ ਕਿ ਗੰਗੀਆਂ ਸੰਧੂਰੀ ਕਿਸਮ ਦਾ ਬੂਟਾ ਲਗਾਇਆ ਜਾਵੇ ।

ਬੇਰਾਂ ਅਤੇ ਜਾਮਣਾ ਨੂੰ ਕਦੇ ਗਰੀਬਾਂ ਦੇ ਫ਼ਲ ਮੰਨਿਆ ਜਾਂਦਾ ਸੀ ਕਿਉਂਕਿ ਇਹ ਰੁੱਖ ਆਮ ਹੁੰਦੇ ਸਨ ਤੇ ਤੋੜਨ ਦੀ ਮਨਾਹੀ ਨਹੀਂ ਸੀ। ਹੁਣ ਇਹ ਦੋਵੇਂ ਫ਼ਲ ਸਭ ਤੋਂ ਮਹਿੰਗੇ ਹਨ। ਇਨ੍ਹਾਂ ਦੋਵਾਂ ਫ਼ਲਾਂ ਵਿੱਚ ਵੀ ਬਹੁਤ ਖ਼ੁਰਾਕੀ ਤੱਤ ਹੁੰਦੇ ਹਨ। ਜਾਮਣ ਦੀ ਕੋਈ ਕਿਸਮ ਵਿਕਸਿਤ ਨਹੀਂ ਹੋਈ। ਇਸ ਕਰਕੇ ਵਧੀਆ ਜਾਮਣਾਂ ਦੀਆਂ ਗਿਟਕਾਂ ਤੋਂ ਬੂਟੇ ਬਣਾਏ ਜਾ ਸਕਦੇ ਹਨ। ਬੇਰਾਂ ਦੀਆਂ ਵਲੈਤੀ, ਉਮਰਾਨ, ਸਨੋਰ-2 ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਲੀਚੀ ਦੇ ਬੂਟੇ ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿੱਚ ਸਫ਼ਲਤਾ ਨਾਲ ਲਗਾਏ ਜਾ ਸਕਦੇ ਹਨ। ਦੇਹਰਾਦੂਨ, ਕਲਕੱਤੀਆ ਅਤੇ ਸੀਡਲੈਸ ਲੇਟ ਵਧੀਆ ਕਿਸਮਾਂ ਹਨ। ਇਹ ਬੂਟੇ ਗਰਮੀ ਘਟ ਹੋਣ ਤੇ ਸਤੰਬਰ ਦੇ ਮਹੀਨੇ ਲਗਾਏ ਜਾਂਦੇ ਹਨ।

ਆਂਵਲੇ ਦੇ ਬੂਟੇ ਸਾਰੇ ਪੰਜਾਬ ਵਿੱਚ ਲਗਾਏ ਜਾ ਸਕਦੇ ਹਨ। ਬਲਵੰਤ, ਨੀਲਮ ਅਤੇ ਕੰਚਨ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਚੀਕੂ ਦਾ ਬੂਟਾ ਵੀ ਘਰ ਬਗੀਚੀ ਵਿੱਚ ਲਗਾਇਆ ਜਾ ਸਕਦਾ ਹੈ। ਕਾਲੀਪੱਤੀ ਅਤੇ ਕ੍ਰਿਕਟ ਬਾਲ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਲੁਕਾਠ ਦਾ ਇਕ ਬੂਟਾ ਜ਼ਰੂਰ ਲਗਾਉਣਾ ਚਾਹੀਦਾ ਹੈ। ਇਸ ਦਾ ਫ਼ਲ ਅਪਰੈਲ ਵਿੱਚ ਤਿਆਰ ਹੁੰਦਾ ਹੈ। ਉਦੋਂ ਦੋਗਲੀਆਂ ਕਿਸਮਾਂ ਪੀ.ਐੱਮ.ਐੱਚ.-1 ਅਤੇ ਪੀ.ਐੱਮ.ਐੱਚ.-2 ਦੀ ਬਿਜਾਈ ਕੀਤੀ ਜਾਵੇ।

ਵਿੱਚ ਬਹੁਤ ਘਟ ਫ਼ਲ ਹੁੰਦੇ ਹਨ। ਕੈਲੋਫੋਰਨੀਆਂ ਐਡਵਾਂਸ, ਗੋਲਡਨ ਯੈਲੋ ਅਤੇ ਪੋਲ ਯੈਲੋ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਪੌਦੇ ਲਗਾਉਣ ਲਈ ਹੁਣ ਸਫ਼ੈਦਾ, ਟਾਹਲੀ, ਤੂਤ, ਕਿੱਕਰ, ਡੇਕ, ਟੀਕ, ਸਾਗਵਾਨ, ਤੂੰਣ ਤੇ ਖੇਰ ਦੇ ਬੂਟੇ ਲਗਾਏ ਜਾ ਸਕਦੇ ਹਨ। ਬੂਟੇ ਵਣ ਵਿਭਾਗ ਜਾਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੀ ਨਰਸਰੀ ਤੋਂ ਲਵੋ।

ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਮੱਕੀ ਦੀ ਬਿਜਾਈ ਹੁਣ ਕੀਤੀ ਜਾਵੇ ਤਾਂ ਇਸ ਦਾ ਝਾੜ ਵੱਧ ਪ੍ਰਾਪਤ ਹੁੰਦਾ ਅਤੇ ਇਸ ਨੂੰ ਬਿਮਾਰੀਆਂ ਵੀ ਘੱਟ ਲਗਦੀਆਂ ਹਨ। ਹੁਣ ਦੇ ਮੌਸਮ ਲਈ ਪੀ.ਐੱਮ.ਐੱਚ.-1 ਅਤੇ ਪੀ.ਐੱਮ.ਐੱਚ.-2 ਦੋਗਲੀ ਕਿਸਮ ਹਨ। ਇਹ ਕਿਸਮਾਂ ਪੀ.ਐੱਮ.ਐੱਚ.-1 ਅਤੇ ਪੀ.ਐੱਮ.ਐੱਚ.-2 ਦੀ ਬਿਜਾਈ ਕੀਤੀ ਜਾਵੇ। ਪੀ.ਐੱਮ.ਐੱਚ.-1 ਦਾ ਝਾੜ ਵੱਧ ਹੈ ਪਰ ਇਹ ਪੱਕਣ ਲਈ ਕੋਈ 115 ਦਿਨ ਲਵੇਗੀ। ਜਦੋਂ ਕਿ ਪੀ.ਐੱਮ.ਐੱਚ.-2 ਕੇਵਲ 100 ਦਿਨਾਂ ਵਿੱਚ ਹੀ ਪੱਕ ਜਾਂਦੀ ਹੈ। ਜੇਕਰ ਵੱਟਾਂ ਉੱਤੇ ਬਿਜਾਈ ਕੀਤੀ ਜਾਵੇ ਤਾਂ ਪਾਣੀ ਦੀ ਬੱਚਤ ਵੀ ਹੁੰਦੀ ਹੈ ਅਤੇ ਫ਼ਸਲ ਦਾ ਬਰਸਾਤ ਨਾਲ ਨੁਕਸਾਨ ਵੀ ਘੱਟ ਹੁੰਦਾ ਹੈ। ਬੀਜ ਨੂੰ ਬਾਵਿਸਟਨ ਜਾਂ ਡੈਰੋਸਲ ਜਾਂ ਐਗਰੋਜ਼ਿਮ 50 ਡਬਲਯੂ ਪੀ ਨਾਲ ਸੋਧ ਲਵੋ। ਇੱਕ ਕਿਲੋ ਬੀਜ ਲਈ 3 ਗ੍ਰਾਮ ਜ਼ਹਿਰ ਵਰਤੋ। ਮੱਕੀ ਲਈ ਜੀਵਾਣੂ ਖਾਦ ਦਾ ਟੀਕਾ ਵੀ ਤਿਆਰ ਹੋ ਗਿਆ ਹੈ। ਬੀਜ ਨੂੰ ਸੋਧਣ ਪਿੱਛੋਂ ਕਨਸ਼ੋਰਸ਼ੀਅਮ ਦਾ ਟੀਕਾ ਲਗਾਕੇ ਬੀਜੋ ।

ਬੈਂਗਣਾਂ ਦੀ ਪਨੀਰੀ ਤਿਆਰ ਹੋ ਗਈ ਹੋਵੇਗੀ। ਉਸ ਨੂੰ ਪੁੱਟ ਕੇ ਖੇਤ ਵਿੱਚ ਲਗਾਉਣ ਲਈ ਇਹ ਢੁੱਕਵਾਂ ਸਮਾਂ ਹੈ। ਪੰਜਾਬ ਨੀਲਮ, ਪੀ ਬੀ ਐੱਚ ਆਰ-41, ਪੀ ਬੀ ਐੱਚ ਆਰ-42 ਅਤੇ ਬੀ.ਐੱਚ.-2 ਗੋਲ ਬੈਂਗਣਾਂ ਦੀਆਂ ਕਿਸਮਾਂ ਹਨ ਜਦੋਂ ਕਿ ਪੰਜਾਬ ਬਰਸਾਤੀ ਪੀ ਬੀ ਐੱਚ-4, ਪੀ ਬੀ ਐੱਚ ਐੱਲ-52 ਤੇ ਪੰਜਾਬ ਸਦਾ ਬਹਾਰ ਲੰਬੇ ਬੈਂਗਣਾਂ ਦੀਆਂ ਕਿਸਮਾਂ ਹਨ। ਪੀ.ਬੀ.ਐੱਚ.-3 ਅਤੇ ਪੰਜਾਬ ਨਗੀਨਾ ਬੈਂਗਣੀਂ (ਛੋਟੇ ਬੈਂਗਣ) ਦੀਆਂ ਕਿਸਮਾਂ ਹਨ। ਸਭ ਤੋਂ ਵੱਧ ਝਾੜ 270 ਕੁਇੰਟਲ ਪੀ.ਬੀ.ਐੱਚ.-4 ਕਿਸਮ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਟਮਾਟਰਾਂ ਦੀ ਪਨੀਰੀ ਨੂੰ ਪੁੱਟ ਕੇ ਖੇਤ ਵਿੱਚ ਲਗਾਉਣ ਦਾ ਹੁਣ ਢੁੱਕਵਾਂ ਸਮਾਂ ਹੈ। ਇਸ ਮੌਸਮ ਵਿੱਚ ਪੰਜਾਬ ਵਰਖਾ ਬਹਾਰ-1, ਪੰਜਾਬ ਵਰਖਾ ਬਹਾਰ-2 ਜਾ

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਦੇ ਨਿਵੇਕਲੇ ਪ੍ਰਾਜੈਕਟ 'ਨਵੀਆਂ ਰਾਹਾਂ' ਦੀ ਸ਼ੁਰੂਆਤ ਕਰਵਾਈ

## ਸਕੂਲਾਂ ਤੋਂ ਵਾਂਝੇ ਤੇ ਪੜ੍ਹਾਈ ਛੱਡ ਚੁੱਕੇ ਬੱਚਿਆਂ ਨੂੰ ਸਕੂਲਾਂ 'ਚ ਪਹੁੰਚਾਉਣ ਲਈ 26 ਲੱਖ ਰੁਪਏ ਦੀ ਲਾਗਤ ਨਾਲ 22 ਈ-ਰਿਕਸ਼ਾ ਸਵੈ ਸਹਾਇਤਾ ਸਮੂਹਾਂ ਦੀਆਂ ਮੈਂਬਰ ਔਰਤਾਂ ਨੂੰ ਸੌਂਪੇ

**ਪਟਿਆਲਾ, 11 ਜੁਲਾਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਕੂਲਾਂ ਤੋਂ ਵਾਂਝੇ ਤੇ ਪੜ੍ਹਾਈ ਛੱਡ ਚੁੱਕੇ ਬੱਚਿਆਂ ਨੂੰ ਮੁੜ ਸਕੂਲਾਂ ਤੱਕ ਪਹੁੰਚਾਉਣ ਦੇ ਟੀਚੇ ਨੂੰ ਹਾਸਲ ਕਰਨ ਲਈ ਪਟਿਆਲਾ ਜ਼ਿਲ੍ਹਾ ਪ੍ਰਾਸ਼ਸਨ ਵੱਲੋਂ ਅਰੰਭੇ ਇੱਕ ਨਿਵੇਕਲੇ ਪ੍ਰਾਜੈਕਟ ਦੀ 'ਨਵੀਆਂ ਰਾਹਾਂ' ਦੀ ਸ਼ੁਰੂਆਤ ਅੱਜ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਰਵਾਈ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇੱਕ ਸਮਾਰੋਹ ਦੌਰਾਨ 'ਪੜ੍ਹਨਾ ਹੈ-ਪੜ੍ਹਾਣਾ ਹੈ, ਸਭ ਨੂੰ ਨਾਲ ਲੈਕੇ ਜਾਣਾ ਹੈ' ਤਹਿਤ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਨਵੀਆਂ ਰਾਹਾਂ ਪ੍ਰਾਜੈਕਟ ਅਧੀਨ ਐਸ.ਸੀ. ਕਾਰਪੋਰੇਸ਼ਨ ਤੇ ਮਣਕੂ ਐਗਰੋਟੈਕ ਪ੍ਰਾਈਵੇਟ ਲਿਮਟਿਡ ਸਮਾਣਾ ਦੇ ਐਮ.ਡੀ. ਸੁਖਵਿੰਦਰ ਸਿੰਘ ਮਣਕੂ ਵੱਲੋਂ ਸੀ.ਐਸ.ਆਰ. ਫੰਡ 15 ਲੱਖ ਰੁਪਏ ਦੇ ਸਹਿਯੋਗ ਸਦਕਾ 26 ਲੱਖ ਰੁਪਏ ਨਾਲ ਖਰੀਦੇ 22 ਈ-ਰਿਕਸ਼ੇ ਸਵੈ ਸਹਾਇਤਾ ਸਮੂਹਾਂ ਦੀਆਂ ਮੈਂਬਰ ਔਰਤਾਂ ਨੂੰ ਪ੍ਰਦਾਨ ਕੀਤੇ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਪ੍ਰਾਜੈਕਟ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਦਾ ਪ੍ਰਾਜੈਕਟ 'ਨਵੀਆਂ ਰਾਹਾਂ' ਲਾਂਚ ਕਰਦੇ ਹੋਏ। ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ, ਮਣਕੂ ਐਗਰੋਟੈਕ ਦੇ ਐਮ.ਡੀ. ਸੁਖਵਿੰਦਰ ਸਿੰਘ ਮਣਕੂ ਅਤੇ ਹੋਰ ਵੀ ਨਜ਼ਰ ਆ ਰਹੇ ਹਨ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਮੁੱਚੇ ਪ੍ਰਾਜੈਕਟ ਦੀ ਸਫ਼ਲਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਤੇ ਲਾਭਪਾਤਰੀ ਮਹਿਲਾਵਾਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਆਪਣੇ ਨਾਗਰਿਕਾਂ ਨੂੰ ਬਿਹਤਰ ਸਿਹਤ ਤੇ ਸਿੱਖਿਆ ਪ੍ਰਦਾਨ ਕਰਨਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ, ਇਸ ਲਈ ਸਰਕਾਰ ਵੱਲੋਂ ਇਨ੍ਹਾਂ ਦੋਵਾਂ ਦੇ ਬਿਹਤਰ ਬੁਨਿਆਦੀ ਢਾਂਚੇ ਨੂੰ ਪ੍ਰਫੁਲਤ ਕਰਨ ਲਈ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ। ਡਾ. ਬਲਬੀਰ ਸਿੰਘ ਨੇ ਈ-ਰਿਕਸ਼ੇ ਹਾਸਲ ਕਰਨ ਵਾਲੀਆਂ ਔਰਤਾਂ ਨੂੰ ਸਿੱਖਿਆ ਲਈ ਬਣਾਏ ਇਸ ਪ੍ਰਾਜੈਕਟ ਦੀਆਂ ਬ੍ਰਾਂਡ ਐਂਬੈਸਡਰ ਦੱਸਦਿਆਂ ਕਿਹਾ ਕਿ ਸਾਨੂੰ ਸਭ ਨੂੰ ਰਲਕੇ ਹੰਭਲਾ ਮਾਰਨ ਦੀ ਲੋੜ ਹੈ ਤਾਂ ਹੀ ਅਸੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚਿਤਵੇ 'ਰੰਗਲਾ ਪੰਜਾਬ' ਦੇ ਸੁਪਨੇ ਨੂੰ ਸਾਕਾਰ ਕਰ ਸਕਦੇ ਹਾਂ।

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਜ਼ਿਲ੍ਹੇ ਦੇ ਦਿਹਾਤੀ ਤੇ ਸ਼ਹਿਰੀ ਖੇਤਰਾਂ ਦੇ ਸਲੰਮ ਏਰੀਆ ਦੇ 6 ਬਲਾਕਾਂ ਦੇ 12 ਸਕੂਲਾਂ ਲਈ ਸੈਲਫ ਹੈਲਪ ਗਰੁੱਪਾਂ ਦੀਆਂ 22 ਮਹਿਲਾ ਮੈਂਬਰਾਂ ਨੂੰ ਕੌਮੀ ਦਿਹਾਤੀ ਆਜੀਵਿਕਾ ਮਿਸ਼ਨ ਤੇ ਕੌਮੀ ਸ਼ਹਿਰੀ ਅਜੀਵਿਕਾ ਮਿਸ਼ਨ ਤਹਿਤ ਇਹ ਈ-ਰਿਕਸ਼ੇ ਪ੍ਰਦਾਨ ਕੀਤੇ ਹਨ, ਜੋ ਕਿ ਆਪਣੀ ਰੋਜ਼ੀ ਰੋਟੀ ਕਮਾਉਣ ਦੇ ਨਾਲ-ਨਾਲ ਇਨ੍ਹਾਂ ਸਕੂਲਾਂ ਦੇ ਵਿਦਿਆਰਥੀਆਂ ਦੇ ਸਕੂਲ ਆਉਣ ਤੇ ਜਾਣ 'ਚ ਵੀ ਸਹਿਯੋਗ ਕਰਨਗੀਆਂ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 400 ਬੱਚੇ ਇਸ ਸੇਵਾ ਦਾ ਲਾਭ ਲੈਣਗੇ ਜਦਕਿ 160 ਬੱਚਿਆਂ ਲਈ ਧਬਲਾਨ ਤੇ ਮਸੀਂਗਣ ਵਿਖੇ ਬੈਂਬੂ ਸਕੂਲ ਵੀ ਬਣਵਾਏ ਗਏ ਹਨ ਤਾਂ ਕਿ ਭੱਠਿਆਂ 'ਤੇ ਕੰਮ ਕਰਦੇ ਮਜ਼ਦੂਰਾਂ ਦੇ ਬੱਚੇ ਸਿੱਖਿਆ ਤੋਂ ਵਿਰਵੇ ਨਾ ਰਹਿ ਜਾਣ। ਏ.ਡੀ.ਸੀ. ਦਿਹਾਤੀ ਵਿਕਾਸ ਡਾ. ਹਰਜਿੰਦਰ ਸਿੰਘ ਬੇਦੀ ਨੇ ਇਸ ਪ੍ਰਾਜੈਕਟ ਨੂੰ ਸਿਰੇ ਚੜ੍ਹਾਉਣ ਲਈ ਯੋਗਦਾਨ ਪਾਉਣ ਵਾਲਿਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਪ੍ਰਾਜੈਕਟ ਦੀ ਸ਼ੁਰੂਆਤ ਨਾਲ ਸਕੂਲਾਂ ਸਿੱਖਿਆ ਤੋਂ ਵਿਰਵੇ ਬੱਚਿਆਂ ਲਈ ਲਾਹੇਵੰਦ ਹੋਵੇਗੀ ਤੇ ਇਸ ਨਾਲ ਸਲੰਮ ਏਰੀਆ ਦੇ ਬੱਚਿਆਂ ਨੂੰ ਵੀ ਸਕੂਲਾਂ ਵਿੱਚ ਲਿਆਂਦਾ ਜਾ ਸਕੇਗਾ।

ਪ੍ਰਾਜੈਕਟ ਲਾਂਚ ਕਰਨ ਸਮੇਂ ਏ.ਡੀ.ਸੀ. (ਦਿਹਾਤੀ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ, ਏ.ਡੀ.ਸੀ. (ਜ) ਕੰਚਨ ਤੇ ਏ.ਡੀ.ਸੀ. (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ, ਕਰਨਲ ਜੇ.ਵੀ. ਸਿੰਘ, ਇਸ ਪ੍ਰਾਜੈਕਟ ਦੀ ਸਫ਼ਲਤਾ ਲਈ ਸਾਰੇ ਸਬੰਧਤਾਂ ਨਾਲ ਤਾਲਮੇਲ ਕਰਨ ਵਾਲੀ ਡੀ.ਡੀ.ਐਫ. ਨਿਧੀ ਮਲਹੋਤਰਾ, ਜ਼ਿਲ੍ਹਾ ਸਿੱਖਿਆ ਅਫ਼ਸਰ ਦਰਸ਼ਨਜੀਤ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਮਨਵਿੰਦਰ ਕੌਰ ਭੁੱਲਰ, ਯਸ਼ੋਧਾ ਮੋਟਰਜ ਦੇ ਐਮ.ਡੀ. ਗੁਰਦੀਪ ਸਿੰਘ ਬੱਤਰਾ, ਸੀ.ਏ. ਰਾਜੇਸ਼ ਮਿੱਤਲ, ਜ਼ਿਲ੍ਹਾ ਉਦਯੋਗ ਕੇਂਦਰ ਦੇ ਮੈਨੇਜਰ ਅੰਗਦ ਸਿੰਘ ਸੋਹੀ, ਮਸਤੀ ਕੀ ਪਾਠਸ਼ਾਲਾ, ਸਮਾਜ ਸੇਵੀ, ਅਧਿਆਪਕ, ਵਿਦਿਆਰਥੀ ਤੇ ਸਵੈ ਸਹਾਇਤਾ ਸਮੂਹਾਂ ਦੀਆਂ ਮੈਂਬਰ ਔਰਤਾਂ ਵੀ ਮੌਜੂਦ ਸਨ।

## ਜ਼ਿਲ੍ਹੇ 'ਚ ਬੂਟੇ ਲਗਾਉਣ ਦੀ ਮੁਹਿੰਮ ਦਾ ਏ.ਡੀ.ਸੀਜ਼ ਨੇ ਲਿਆ ਜਾਇਜ਼ਾ

# ਬਰਸਾਤੀ ਮੌਸਮ ਨਵੇਂ ਬੂਟੇ ਲਗਾਉਣ ਲਈ ਸਭ ਤੋਂ ਢੁਕਵਾਂ : ਏ.ਡੀ.ਸੀ.

**ਪਟਿਆਲਾ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਵਿੱਚ 11 ਲੱਖ ਬੂਟੇ ਲਗਾਉਣ ਲਈ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਦਾ ਅੱਜ ਵਧੀਕ ਡਿਪਟੀ ਕਮਿਸ਼ਨਰਜ਼ ਨੇ ਜਾਇਜ਼ਾ ਲੈਂਦਿਆਂ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਅਧੀਨ ਖਾਲੀ ਪਏ ਖੇਤਰ ਦੀ ਪਹਿਚਾਣ ਕਰਕੇ ਤੁਰੰਤ ਬੂਟੇ ਲਗਾਉਣ ਦੀ ਕਾਰਵਾਈ ਅਰੰਭਣ।ਮੀਟਿੰਗ 'ਚ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਕੰਚਨ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ ਅਤੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ ਮੌਜੂਦ ਸਨ।

ਵਧੀਕ ਡਿਪਟੀ ਕਮਿਸ਼ਨਰਜ਼ ਨੇ ਕਿਹਾ ਕਿ ਬਰਸਾਤੀ ਮੌਸਮ ਬੂਟੇ ਲਗਾਉਣ ਲਈ ਸਭ ਤੋਂ ਢੁਕਵਾਂ ਹੁੰਦਾ ਹੈ ਅਤੇ ਜ਼ਿਲ੍ਹੇ ਅੰਦਰ ਇਸ ਮੌਸਮ ਦੌਰਾਨ 11 ਲੱਖ ਬੂਟੇ ਲਗਾਉਣ ਦੀ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਸਕੂਲਾਂ, ਕਾਲਜਾਂ, ਅਨਾਜ ਮੰਡੀਆਂ, ਹਸਪਤਾਲਾਂ, ਪਿੰਡਾਂ ਦੀਆਂ ਫਿਰਨੀਆਂ ਤੇ ਛੱਪੜਾਂ ਦੇ ਆਲੇ ਦੁਆਲੇ ਸਮੇਤ ਜਨਤਕ ਸਥਾਨਾਂ ਦੀ ਚੋਣ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਵਿੱਚ ਸਮਾਜ ਸੇਵੀ ਜਥੇਬੰਦੀਆਂ ਅਤੇ ਸਕੂਲੀ ਵਿਦਿਆਰਥੀਆਂ ਨੂੰ ਵੀ ਨਾਲ ਜੋੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਮੀਆਂਵਾਕੀ ਤਕਨੀਕ ਨਾਲ ਛੋਟੇ ਜੰਗਲ ਸਥਾਪਤ ਕੀਤੇ ਜਾ ਰਹੇ ਹਨ ਜਿਸ ਨਾਲ ਘੱਟ ਰਕਬੇ ਵਿੱਚ ਜ਼ਿਆਦਾ ਬੂਟੇ ਲਗਾਏ ਜਾ ਸਕਦੇ ਹਨ।

ਇਸ ਮੌਕੇ ਵਣ ਰੇਂਜ ਅਫ਼ਸਰ ਸਵਰਨ ਸਿੰਘ ਨੇ ਬੂਟੇ ਲਗਾਉਣ ਦੀ ਤਕਨੀਕੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੂਟੇ ਲਈ ਟੋਆ ਪੱਟਣ ਸਮੇਂ ਕਹੀ ਦੀ ਵਰਤੋਂ ਕੀਤੀ ਜਾਵੇ ਅਤੇ ਟੋਏ ਦਾ ਸਾਈਜ਼ ਡੇੜ ਫੁੱਟ ਚੌੜਾ ਤੇ ਡੇਢ ਫੁੱਟ ਡੂੰਘਾ ਰੱਖਿਆ ਜਾਵੇ ਅਤੇ ਫੇਰ ਦੁਬਾਰਾ ਟੋਏ ਨੂੰ ਅੱਧਾ ਮਿੱਟੀ ਨਾਲ ਭਰ ਦਿੱਤਾ ਜਾਵੇ ਇਸ ਨਾਲ ਬੂਟੇ ਨੂੰ ਜੜ ਲਗਾਉਣ ਲਈ ਨਰਮ ਮਿੱਟੀ ਪ੍ਰਾਪਤ ਹੋਵੇਗੀ ਅਤੇ ਬੂਟਾ ਜਲਦੀ ਵੱਡਾ ਹੋਵੇਗਾ। ਉਨ੍ਹਾਂ ਕਿਹਾ ਕਿ ਬੂਟਾ ਲਗਾਉਣ ਦੇ ਨਾਲ ਨਾਲ ਉਸ ਦੀ ਸੰਭਾਲ ਵੀ ਉਨ੍ਹੀ ਹੀ ਜ਼ਿਆਦਾ ਜ਼ਰੂਰੀ ਹੈ, ਇਸ ਲਈ ਲਗਾਏ ਬੂਟਿਆਂ ਦੀ ਸਾਂਭ ਸੰਭਾਲ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਮੀਟਿੰਗ 'ਚ ਐਸ.ਡੀ.ਐਮ. ਨਾਭਾ ਤਰਸੇਮ ਚੰਦ ਸਮੇਤ ਸਮੂਹ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਜਲੰਧਰ ਤੋਂ ਵੱਡੀ ਗਿਣਤੀ ਵਿੱਚ ਕਿਸਾਨਾਂ ਮਜ਼ਦੂਰਾਂ ਨੇ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ ਨੂੰ ਦਿਤਾ ਮੰਗ ਪੱਤਰ

**ਜਲੰਧਰ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਮੀਤ ਪ੍ਰਧਾਨ ਜਸਵੀਰ ਸਿੰਘ ਪਿੱਦੀ ਜੀ ਨੇ ਪ੍ਰੈਸ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ ਅੱਜ ਪਾਰਲੀਮੈਂਟ ਦੇ ਇਜਲਾਸ ਨੂੰ ਮੱਤ ਦੇ ਨਜ਼ਰ ਰੱਖਦੇ ਹੋਏ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਅਤੇ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਅਤੇ ਕਿਸਾਨ ਮਜ਼ਦੂਰ ਮੋਰਚੇ ਵੱਲੋਂ ਪੂਰੇ ਪੰਜਾਬ ਵਿੱਚ ਭਾਜਪਾ ਦੇ ਵਿਰੋਧੀ ਧਿਰਾਂ ਦੇ ਪਾਰਲੀਮੈਂਟ ਮੈਂਬਰਾਂ ਨੂੰ ਮੰਗ ਪੱਤਰ ਦੇ ਕੇ ਪਾਰਲੀਮੈਂਟ ਵਿੱਚ ਕਿਸਾਨਾਂ ਮਜਦੂਰਾਂ ਦੀਆਂ ਹੱਕੀ ਮੰਗਾਂ ਦੀ ਅਵਾਜ਼ ਬੁਲੰਦ ਕਰਨ ਵਾਸਤੇ ਕਿਹਾ ਗਿਆ ।ਇਸ ਮੰਗ ਪੱਤਰ ਮੰਗ ਕੀਤੀ ਗਈ ਕਿ msp ਖਰੀਦ ਦੀ ਗਰੰਟੀ ਦਾ ਕਨੂੰਨ ਬਣਾਇਆ ਜਾਵੇ,ਸਾਰੀਆਂ ਫਸਲਾਂ ਦੇ ਭਾਅ ਡਾ ਸੁਆਮੀਨਾਥਨ ਦੀ ਰਿਪੋਰਟ ਦੇ ਆਧਾਰ ਤੇ ਦਿੱਤੇ ਜਾਣ,ਮਜ਼ਦੂਰਾਂ ਅਤੇ ਕਿਸਾਨਾਂ ਨੂੰ ਕਰਜ਼ਾ ਮੁਕਤ ਕੀਤਾ ਜਾਵੇ,ਖੇਤੀ ਨੂੰ ਪਰਦੂਸ਼ਣ ਕਨੂੰਨ ਤੋਂ ਬਾਹਰ ਕੀਤਾ ਜਾਵੇ,ਪਿਛਲੇ ਅੰਦੋਲਨ ਦੇ ਪਰਚੇ ਰੱਦ ਕੀਤੇ ਜਾਣ,ਬਿਜਲੀ ਐਕਟ 2023 ਰੱਦ ਕੀਤਾ ਜਾਵੇ ,ਜ਼ਮੀਨ ਇਕਵਾਇਰ ਕਨੂੰਨ 2013 ਨੂੰ ਬਰਕਰਾਰ ਰੱਖਿਆ ਜਾਵੇ,ਕਿਸਾਨਾਂ ਅਤੇ ਮਜ਼ਦੂਰਾਂ ਨੂੰ 58 ਸਾਲ ਦੀ ਉਮਰ ਤੋਂ ਬਾਅਦ 10 ਹਜ਼ਾਰ ਪੈਨਸ਼ਨ ਦਿੱਤੀ ਜਾਵੇ,ਫ਼ਸਲੀ ਬੀਮਾਂ

ਯੋਜਨਾਂ ਸਰਕਾਰ ਖੁਦ ਪ੍ਰੀਮੀਅਮ ਭਰ ਕੇ ਆਪਣੇ ਪੱਧਰ ਤੇ ਲਾਗੂ ਕਰੇ, ਭਾਰਤ ਵਿਸ਼ਵ ਵਪਾਰ ਸੰਸਥਾ ਤੋਂ ਬਾਹਰ ਆਵੇ ,ਨਰੇਗਾ ਦੀ ਦਿਹਾੜੀ 700 ਕਰਕੇ ਉਸ ਨੂੰ ਸਾਲ ਵਿੱਚ 200 ਦਿਨ ਕੀਤਾ ਜਾਵੇ,ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਆਦਿ ਮੰਗਾਂ ਸ਼ਾਮਿਲ ਹਨ।

ਉਹਨਾਂ ਦੱਸਿਆ ਕਿ ਅੱਜ ਜਲੰਧਰ ਤੋ ਵੱਡੀ ਗਿਣਤੀ ਵਿੱਚ ਕਿਸਾਨਾਂ ਮਜ਼ਦੂਰਾਂ ਨੇ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ ਨੂੰ ਮੰਗ ਪੱਤਰ ਦਿੱਤਾ ਅਤੇ ਉਹਨਾਂ ਨੂੰ ਇਜਲਾਸ ਵਿੱਚ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਚੁੱਕਣ ਵਾਸਤੇ ਜ਼ੋਰ ਦਿੱਤਾ ।ਉਹਨਾਂ ਦੱਸਿਆ ਕਿ ਜੋ ਮੈਂਬਰ ਪਾਰਲੀਮੈਂਟ ਇਜਲਾਸ ਵਿੱਚ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਨਹੀਂ ਚੁੱਕਣਗੇ ਉਹਨਾਂ ਨੂੰ ਪਿੰਡਾਂ ਵਿੱਚ ਵੜਨ ਨਹੀ ਦਿੱਤਾ ਜਾਵੇਗਾ।ਇਸ ਮੋਕੇ ਤੇ ਹੋਰਨਾਂ ਤੋ ਇਲਾਵਾ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਮੀਤ ਪ੍ਰਧਾਨ ਜਸਵੀਰ ਸਿੰਘ ਪਿੱਦੀ, ਜਿਲਾ ਪ੍ਰਧਾਨ ਗੁਰਮੇਲ ਸਿੰਘ ਰੇੜਵਾਂ, ਜਿਲਾ ਪ੍ਰੈਸ ਸਕੱਤਰ ਹਰਪ੍ਰੀਤ ਸਿੰਘ ਕੋਟਲੀ ਗਾਜਰਾਂ, ਸੀ.ਮੀਤ ਪ੍ਰਧਾਨ ਸਤਨਾਮ ਸਿੰਘ ਰਾਈਵਾਲ, ਜ਼ਿਲ੍ਹਾ ਮੀਤ ਖਜਾਨਚੀ ਰਜਿੰਦਰ ਸਿੰਘ ਨੰਗਲ ਅੰਬੀਆਂ, ਦਲਬੀਰ ਸਿੰਘ ਕੰਗ, ਹਰਦੀਪ ਸਿੰਘ ਹੇਰਾਂ, ਜਗਤਾਰ ਸਿੰਘ ਚੱਕ ਬਾਹਮਣੀਆਂ, ਕਿਸ਼ਨ ਦੇਵ ਮਿਆਣੀ, ਦਲਬੀਰ ਸਿੰਘ ਮੁੰਡੀ ਸ਼ੈਰੀਆਂ, ਦਿਲਬਾਗ ਸਿੰਘ ਰਾਈਵਾਲ, ਬਲਵਿੰਦਰ ਸਿੰਘ ਗੱਟਾ ਮੁੰਡੀ ਕਾਸੂ, ਗੁਰਮੁਖ ਸਿੰਘ ਚੱਕਵਡਾਲਾ, ਸ਼ੇਰ ਸਿੰਘ ਰਾਮੇ, ਹਰਫੂਲ ਸਿੰਘ ਰਾਜੇਵਾਲ, ਗੁਰਮੀਤ ਸਿੰਘ ਨੰਗਲ ਅੰਬੀਆਂ, ਜਸਪਾਲ ਸਿੰਘ ਸਾਂਦਾਂ, ਨਾਹਰ ਸਿੰਘ ਸਾਂਦਾਂ ਅਤੇ ਹੋਰ ਵੀ ਭਰਾਤਰੀ ਜਥੇਬੰਦੀਆਂ ਤੋਂ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਹਾਜ਼ਰ ਸਨ।

# ਦੋ ਔਰਤਾਂ ਦੇ ਟੌਪਸ, ਚੈਨੀ ਤੇ ਬਾਲੀਆਂ ਲੈ ਕੇ ਲੁਟੇਰੇ ਫ਼ਰਾਰ

**ਨਿਊ ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਊ ਚੰਡੀਗੜ੍ਹ ਕੇ ਈਕੋ ਸਿਟੀ -2 ਵਿਖੇ ਲੁਟੇਰੇ ਦੋ ਔਰਤਾਂ ਦੇ ਟੌਪਸ, ਚੈਨੀ ਤੇ ਬਾਲੀਆਂ ਲੈ ਕੇ ਫਰਾਰ ਹੋ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆ ਹਰਨੇਕ ਸਿੰਘ ਵਾਸੀ ਤਕੀਪੁਰ ਨੇ ਦਸਿਆ ਕਿ ਹਰਿੰਦਰ ਕੌਰ ਦੇ ਟੌਪਸ ਤੇ ਚੇਨੀ ਪਰਮਜੀਤ ਕੌਰ ਦੀਆਂ ਬਾਲੀਆਂ ਸਨ। ਇਹ ਦੋਵੇਂ ਔਰਤਾਂ ਰੋਜ਼ਾਨਾਂ ਦੀ ਤਰ੍ਹਾਂ ਸੈਰ ਕਰਕੇ ਘਰ ਵਾਪਸ ਪਰਤ ਰਹੀਆਂ ਸਨ। ਨਿਊ ਚੰਡੀਗੜ੍ਹ ਈਕੋ ਸਿਟੀ -2 ਵਿਖੇ ਪਿੰਡ ਤਕੀਪੁਰ ਦੀਆਂ 2 ਔਰਤਾਂ ਜੋ ਕਿ ਸ਼ਾਮ 7 ਵਜੇ ਦੇ ਕਰੀਬ ਸੈਰ ਕਰਨ ਦੇ ਲਈ ਪਾਰਕ ਵਿਚ ਗਈਆਂ ਸਨ,ਪਰ ਜਦੋਂ ਉਹ ਵਾਪਸੀ ਘਰ ਪਰਤ ਰਹੀਆਂ ਸਨ,ਤਾਂ ਪਿੰਡ ਹੁਸ਼ਿਆਰਪੁਰ ਦੇ ਸਰਕਾਰੀ ਸਕੂਲ ਨੇੜੇ ਪਹੁੰਚੀਆਂ ਤਾਂ ਚੋਂ ਅਣਪਛਾਤੇ ਨੌਜਵਾਨ ਮੋਟਰ ਸਾਇਕਲ ਤੇ ਸਵਾਰ ਹੋ ਕੇ ਆਏ।

ਉਹਨਾਂ ਦੱਸਿਆ ਕਿ ਕਰੀਬ 3 ਤੋਲੇ ਦੇ ਕਰੀਬ ਸੋਨਾ ਲੈ ਕੇ ਚੋਰ ਫਰਾਰ ਹੋ ਗਏ ਹਨ ਤੇ ਜਿਹਨਾਂ ਦੀ ਕੀਮਤ 2 ਲੱਖ ਦੇ ਕਰੀਬ ਹੈ। ਇਸ ਸਬੰਧੀ ਪੁਲਿਸ ਨੂੰ ਸੂਚਿਤ ਕਰ ਦਿਤਾ ਗਿਆ ਹੈ। ਅਗਲੇਰੀ ਕਾਰਵਾਈ ਸ਼ੁਰੂ ਕਰ ਦਿਤੀ ਗਈ ਹੈ। ਉਹਨਾਂ ਵਿਚੋਂ ਇਕ ਨੌਜਵਾਨ ਥੋੜੀ ਦੂਰੀ 'ਤੇ ਖੜ੍ਹਾ ਹੋ ਗਿਆ ਤੇ ਦੂਜਾ ਦੂਜਾ ਵਿਅਕਤੀ ਔਰਤਾਂ ਦੇ ਕੰਨਾਂ ਵਿਚ ਬਾਲੀਆਂ,ਚੇਨੀ ਅਤੇ ਟੌਪਸ ਲੈ ਕੇ ਚੋਰ ਫਰਾਰ ਹੋ ਗਏ ।

# ਨਸ਼ਿਆਂ ਖਿਲਾਫ ਸ਼ਹੀਦ ਬਾਬਾ ਦੀਪ ਸਿੰਘ ਵੈਲਫੇਅਰ ਸੇਵਾ ਸੋਸਾਇਟੀ ਸਮਾਜ 

# ਸਮਾਜ ਸੇਵੀ ਸੰਸਥਾਵਾਂ ਵੱਲੋਂ ਰੁੱਖ ਲਗਾਉਣ ਦੀ ਸੇਵਾ ਸ਼ਲਾਘਾਯੋਗ ਕਦਮ,ਪ੍ਰੰਤੂ ਇਹਨਾਂ ਦੀ ਸੰਭਾਲ ਲਈ ਵੀ ਯੋਜਨਾ ਉਲੀਕੀ ਜਾਵੇ- ਰਾਸ਼ਿਦ ਸ਼ੇਖ

**ਮਲੇਰਕੋਟਲਾ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਬਾਰਿਸ਼ ਦਾ ਮੌਸਮ ਹੋਣ ਕਾਰਨ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਅਤੇ ਵਾਤਾਵਰਨ ਪ੍ਰੇਮੀ ਨਵੇਂ ਰੁੱਖ ਲਗਾ ਰਹੇ ਹਨ ਅਤੇ ਬੂਟਿਆਂ ਦੇ ਲੰਗਰ ਵੀ ਲਗਾ ਰਹੇ ਹਨ। ਇਹ ਸਮੇਂ ਦੀ ਅਤੀ ਜਰੂਰੀ ਲੋੜ ਵੀ ਬਣ ਗਈ ਹੈ।ਜੇਕਰ ਇਸ ਸਬੰਧ ਵਿੱਚ ਗੰਭੀਰਤਾ ਨਾਲ ਉਪਰਾਲੇ ਨਾ ਕੀਤੇ ਗਏ ਤਾਂ ਭਵਿੱਖ ਵਿੱਚ ਸਾਨੂੰ ਬੜੇ ਖਤਰਨਾਕ ਹਾਲਾਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਰੋਟਰੀ ਕਲੱਬ ਮਲੇਰ ਕੋਟਲਾ ਦੇ ਸਾਬਕਾ ਪ੍ਰਧਾਨ ਸ੍ਰੀ ਰਾਸ਼ਿਦ ਸ਼ੇਖ ਨੇ ਕਿਹਾ ਕਿ ਭਾਰਤ ਵਿੱਚ ਉਦਯੋਗਾਂ ਦੇ ਵਾਧੇ ਕਾਰਨ ਪ੍ਰਦੂਸ਼ਣ ਬਹੁਤ ਵੱਧ ਰਿਹਾ ਹੈ। ਜਿਸ ਦਾ ਅਸਰ ਸਿੱਧੇ ਤੌਰ ਤੇ ਮਨੁੱਖ ਦੀ ਸਿਹਤ ਤੇ ਪੈ ਰਿਹਾ ਹੈ। ਲੋਕ ਗੰਭੀਰ ਬਿਮਾਰੀਆਂ ਕਾਰਨ ਆਪਣੀਆਂ ਜਾਨਾਂ ਗੁਮਾ ਰਹੇ ਹਨ। ਵਾਤਾਵਰਨ ਦੇ ਪ੍ਰਦੂਸ਼ਣ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਲਈ ਕੇਵਲ ਨਵੇਂ ਦਰਖਤ ਲਗਾਉਣੇ ਹੀ ਜਰੂਰੀ ਨਹੀਂ ਬਲਕਿ ਇਹਨਾਂ ਦੀ ਸੰਭਾਲ ਕਰਨਾ ਵੀ ਬਹੁਤ ਜਰੂਰੀ ਹੈ। ਉਹਨਾਂ ਕਿਹਾ ਕਿ ਹਰ ਸਾਲ ਨਵੇਂ ਦਰਖਤ ਤਾਂ ਲੱਖਾਂ ਕਰੋੜਾਂ ਦੀ ਗਿਣਤੀ ਵਿੱਚ ਲੱਗ ਜਾਂਦੇ ਹਨ ਪਰ ਬਾਅਦ ਵਿੱਚ ਇਹਨਾਂ ਦੀ ਸੰਭਾਲ ਨਾ ਹੋਣ ਕਾਰਨ ਇਹ ਦਰਖਤ ਉੱਥੇ ਹੀ ਖਤਮ ਹੋ ਜਾਂਦੇ ਹਨ।

ਸੋ ਇਸ ਦੇ ਲਈ ਇਹ ਜਰੂਰੀ ਹੈ ਕਿ ਜਿਹੜੀਆਂ ਸਮਾਜ ਸੇਵੀ ਸੰਸਥਾਵਾਂ ਨਵੇਂ ਪੌਦੇ ਲਗਾ ਰਹੀਆਂ ਹਨ ਉਹ ਬਾਅਦ ਵਿੱਚ ਦੋ ਤਿੰਨ ਸਾਲਾਂ ਤੱਕ ਇਹਨਾਂ ਦੀ ਸੰਭਾਲ ਦੀ ਜਿੰਮੇਵਾਰੀ ਵੀ ਨਿਭਾਉਣ ਤਾਂ ਕਿ ਇਹਨਾਂ ਪੌਦਿਆਂ ਨੂੰ ਲਗਾਉਣ ਦਾ ਮਕਸਦ ਪੂਰਾ ਹੋ ਸਕੇ।

# ਕੰਡਿਆਲੀ ਤਾਰ ਤੋਂ ਪਾਰ ਵਾਲੀਆਂ ਜਮੀਨਾਂ ਦਾ ਮੁਆਵਜ਼ਾ ਲੈਣ ਲਈ ਕਿਸਾਨਾਂ ਕੋਲ ਆਖਰੀ ਮੌਕਾ -ਡਿਪਟੀ ਕਮਿਸ਼ਨਰ

**ਅੰਮ੍ਰਿਤਸਰ, 9 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਘਣਸ਼ਾਮ ਥੋਰੀ ਨੇ ਇਹ ਜਾਣਕਾਰੀ ਦਿੰਦੇ ਦੱਸਿਆ ਕਿ ਸਰਹੱਦ ਉੱਤੇ ਕੰਡਿਆਲੀ ਤਾਰ ਤੋਂ ਪਾਰ ਜਮੀਨਾਂ ਦਾ ਜੋ ਮੁਆਵਜਾ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ, ਲਈ ਯੋਗ ਕਿਸਾਨ ਆਪਣੇ ਐਸ ਡੀ ਐਮ ਦਫਤਰ ਨਾਲ ਤੁਰੰਤ ਸੰਪਰਕ ਕਰਨ ਤਾਂ ਜੋ ਉਹਨਾਂ ਕਿਸਾਨਾਂ ਨੂੰ ਮੁਆਵਜਾ ਦਿੱਤਾ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਰਹੱਦ ਉੱਤੇ ਪੈਂਦੀਆਂ ਇਨਾਂ ਜਮੀਨਾਂ ਲਈ ਸਰਕਾਰ ਵੱਲੋਂ ਮੁਆਵਜਾ ਦਿੱਤਾ ਜਾਂਦਾ ਹੈ ਕਿਉਂਕਿ ਉਥੇ ਖੇਤੀ ਕਰਨ ਵਿੱਚ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਅਤੇ ਰੁਕਾਵਟਾਂ ਆਉਂਦੀਆਂ ਹਨ, ਜਿਸ ਦੀ ਭਰਪਾਈ ਸਰਕਾਰ ਮੁਆਵਜ਼ਾ ਦੇ ਕੇ ਕਰਦੀ ਹੈ। ਉਹਨਾਂ ਕਿਹਾ ਕਿ ਮੁਆਵਜੇ ਦੀ ਇਹ ਰਾਸ਼ੀ ਸਾਡੇ ਕੋਲ ਆ ਚੁੱਕੀ ਹੈ ਅਤੇ ਜਿਸ ਵੀ ਕਿਸਾਨ ਦੀ ਜਮੀਨ ਕੰਡਿਆਲੀ ਤਾਰ ਤੋਂ ਪਾਰ ਹੈ, ਉਹ ਉਸ ਜਮੀਨ ਦਾ ਰਿਕਾਰਡ , ਬੈਂਕ ਦੀ ਕਾਪੀ ਅਤੇ ਆਧਾਰ ਕਾਰਡ ਦੀ ਕਾਪੀ ਲੈ ਕੇ ਆਪਣੇ ਆਪਣੇ ਐਸਡੀਐਮ ਦਫਤਰ ਨਾਲ ਤੁਰੰਤ ਸੰਪਰਕ ਕਰਨ ਤਾਂ ਜੋ ਉਹਨਾਂ ਨੂੰ ਮੁਆਵਜਾ ਦਿੱਤਾ ਜਾ ਸਕੇ। ਉਹਨਾਂ ਦੱਸਿਆ ਕਿ ਇਹ ਮੁਆਵਜ਼ਾ ਲੈਣ ਦਾ ਇਸ ਸੈਸ਼ਨ ਦਾ ਆਖਰੀ ਮੌਕਾ ਹੈ, ਇਸ ਲਈ ਕੋਈ ਵੀ ਕਿਸਾਨ ਲਾਪਰਵਾਹੀ ਨਾ ਕਰਦਾ ਹੋਇਆ ਤੁਰੰਤ ਆਪਣੇ ਆਪਣੇ ਐਸਡੀਐਮ ਨਾਲ ਸੰਪਰਕ ਕਰਨ। ਉਨਾਂ ਸੰਬੰਧਿਤ ਐਸਡੀਐਮ ਨੂੰ ਵੀ ਹਦਾਇਤ ਕੀਤੀ ਕਿ ਉਹ ਸਰਹੱਦ ਉੱਤੇ ਇਹਨਾਂ ਪਿੰਡਾਂ ਵਿੱਚ ਗੁਰਦੁਆਰਿਆਂ ਰਾਹੀਂ ਅਨਾਊਂਸਮੈਂਟ ਅਤੇ ਮਨਿਆਦੀ ਕਰਵਾ ਕੇ ਕਿਸਾਨਾਂ ਨੂੰ ਇਸ ਮੌਕੇ ਬਾਰੇ ਜਾਣਕਾਰੀ ਦੇਣ।

# ਦਸਤਾਂ ਦੇ ਰੋਗ ਲਈ ਓ.ਆਰ.ਐਸ ਤੇ ਜ਼ਿੰਕ ਕਰ ਸਕਦੇ ਹਨ ਵੱਡੇ ਖ਼ਤਰੇ ਤੋਂ ਬਚਾਅ -ਸਿਵਲ ਸਰਜ

**ਮਲੇਰਕੋਟਲਾ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਚੱਲ ਰਹੀ ਦਸਤ ਰੋਕੂ ਮੁਹਿੰਮ ਦਾ ਪੋਸਟਰ ਅੱਜ ਸਿਵਲ ਸਰਜਨ ਮਾਲੇਰਕੋਟਲਾ ਡਾ. ਪ੍ਰਦੀਪ ਕੁਮਾਰ ਵੱਲੋਂ ਜਾਰੀ ਕੀਤਾ ਗਿਆ,ਜਿਲ੍ਹਾ ਟੀਕਾਕਰਣ ਅਫ਼ਸਰ ਡਾ. ਰਾਜੀਵ ਬੈਂਸ ਦੀ ਦੇਖ ਰੇਖ ਹੇਠ ਚੱਲ ਰਹੀ ਇਸ ਮੁਹਿੰਮ ਦੀ ਵਿੱਚ 5 ਸਾਲ ਤੱਕ ਦੇ ਬੱਚਿਆਂ ਦੀਆਂ ਦਸਤਾਂ ਨਾਲ ਹੋਣ ਵਾਲੀਆਂ ਮੌਤਾਂ ਨੂੰ ਸਿਫਰ ਉੱਤੇ ਲਿਆਉਣ ਦੇ ਮਕਸਦ ਨਾਲ ਸਿਹਤ ਵਿਭਾਗ ਵਲੋਂ ਜ਼ਿਲ੍ਹੇ ਭਰ ਵਿਚ ਵੱਖ ਵੱਖ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ ।ਇਸ ਮੌਕੇ ਬੋਲਦਿਆਂ ਸਿਵਲ ਸਰਜਨ ਡਾ. ਪ੍ਰਦੀਪ ਕੁਮਾਰ ਨੇ ਕਿਹਾ ਕਿ ਇਸ ਮੁਹਿੰਮ ਤਹਿਤ 5 ਸਾਲ ਤੱਕ ਦੇ ਬੱਚਿਆਂ ਨੂੰ ਲੱਗਣ ਵਾਲੇ ਦਸਤਾਂ ਦੀ ਰੋਕਥਾਮ ਲਈ ਸਿਹਤ ਵਿਭਾਗ ਕੰਮ ਕਰ ਰਿਹਾ ਹੈ ਉਹਨਾਂ ਕਿਹਾ ਕੇ ਇਸ ਮੁਹਿੰਮ ਤਹਿਤ ਓ.ਆਰ.ਐਸ ਦਾ ਘੋਲ ਤਿਆਰ ਕਰਨ, ਦਸਤ ਲੱਗਣ ਤੇ

ਓ.ਆਰ.ਐਸ ਦਾ ਘੋਲ ਦੇਣ ਅਤੇ ਬੱਚੇ ਨੂੰ ਦਸਤਾਂ ਦੀ ਹਾਲਤ ਵਿਚ ਜਿੰਕ ਦੀਆਂ ਗੋਲੀਆਂ ਦੇਣ ਅਤੇ ਸਾਫ ਸਫਾਈ ਸਬੰਧੀ ਪਰਿਵਾਰਾਂ ਨੂੰ ਜਾਣਕਾਰੀ ਦਿੱਤੀ ਜਾ ਰਹੀ ਹੈ ।

ਉਹਨਾਂ ਕਿਹਾ ਕਿ ਗਰਮੀ ਅਤੇ ਬਰਸਾਤ ਦਾ ਮੌਸਮ ਹੋਣ ਕਾਰਣ ਦਸਤ ਲੱਗਣ ਨਾਲ ਬੱਚਿਆਂ ਵਿੱਚ ਪਾਣੀ ਦੀ ਘਾਟ ਹੋਣ ਕਾਰਨ ਕਈ ਵਾਰੀ ਬੱਚਿਆਂ ਦੀ ਜਾਨ ਨੂੰ ਵੀ ਖਤਰਾ ਹੋ ਸਕਦਾ ਹੈ ਇਸ ਲਈ ਜਿੰਕ ਅਤੇ ਓ. ਆਰ. ਐਸ ਵੱਡੇ ਖ਼ਤਰੇ ਤੋਂ ਬਚਾਅ ਲਈ ਮਦਦਗਾਰ ਸਿੱਧ ਹੋ ਸਕਦੇ ਹਨ। ਇਸ ਡਾ. ਰਾਜੀਵ ਬੈਂਸ ਨੇ ਦੱਸਿਆ ਕਿ ਇਸ ਮੁਹਿੰਮ ਦੋਰਾਨ ਆਸ਼ਾ ਵਰਕਰਾਂ ਵੱਲੋਂ ਘਰ-ਘਰ ਜਾ ਕੇ 5 ਸਾਲ ਤੱਕ ਦੇ ਬੱਚਿਆਂ ਨੂੰ ਓ.ਆਰ.ਐਸ ਦੇ ਪੈਕਟ ਦਿਤੇ ਜਾ ਰਹੇ ਹਨ ਤਾਂ ਅਤੇ ਸਬ ਸੈਂਟਰ ਦੇ ਮਪਹਵ ਫੀਮੇਲ ਤੇ ਮੇਲ ਵੱਲੋਂ ਲੋਕਾਂ ਨੂੰ ਸਾਫ ਸਫਾਈ, ਹੱਥ ਧੋਣ ਦੀ ਤਕਨੀਕ ਤੇ ਮੱਹਤਤਾ, ਸ਼ੁੱਧ ਪਾਣੀ ਦੀ ਵਰਤੋਂ ਅਤੇ ਪਾਣੀ ਵਾਲੀਆਂ ਟੈਂਕੀਆਂ ਦੀ ਸਫਾਈ, ਸਿਹਤ ਸੰਸਥਾਵਾਂ, ਸਕੂਲਾਂ, ਆਂਗਣਵਾੜੀ ਕੇਦਰਾਂ ਵਿੱਚ ਵੀ ਇਸ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਸਜ਼ੀਲਾ ਖਾਨ, ਜਿਲ੍ਹਾ ਸਿਹਤ ਅਫ਼ਸਰ ਡਾ. ਪੁਨੀਤ ਸਿੱਧੂ,ਡੀ. ਐਮ. ਸੀ ਡਾ. ਰਿਸ਼ਮਾ ਭੱਟੋਰਾ, ਡੀ. ਐਫ. ਪੀ. ਓ ਡਾ. ਰਾਜ ਕੁਮਾਰ, ਮੁਹੰਮਦ ਅਕਮਲ

# ਸਿਹਤ ਅਤੇ ਸਮਾਜਿਕ ਮੁੱਦਿਆਂ ਨੂੰ ਲੈ ਕੇ ਟਿਕਾਊ ਅਤੇ ਬਰਾਬਰੀ ਵਾਲੇ ਵਿਕਾਸ ਨੂੰ ਯਕੀਨੀ ਬਣਾਇਆ ਜਾਵੇ - ਮੈਡਮ ਸੋਨਮ

**ਅੰਮ੍ਰਿਤਸਰ, 9 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨੀਤੀ ਆਯੋਗ ਦੁਆਰਾ ਚਲਾਏ ਜਾ ਰਹੇ ਸੰਪੂਰਨਤਾ ਅਭਿਆਨ ਦਾ ਦੂਜਾ ਸਮਾਗਮ ਅੱਜ ਹਰਸ਼ਾ ਛੀਨਾ ਬਲਾਕ ਵਿਖੇ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸਹਾਇਕ ਕਮਿਸ਼ਨਰ ਸੋਨਮ ਨੇ ਕਿਹਾ ਕਿ ਸੰਪੂਰਨਤਾ ਅਭਿਆਨ ਦਾ ਮੁੱਖ ਟੀਚਾ ਸਿਹਤ ਅਤੇ ਸਮਾਜਿਕ ਮੁੱਦਿਆਂ ਨੂੰ ਲੈ ਕੇ ਟਿਕਾਊ ਅਤੇ ਬਰਾਬਰੀ ਵਾਲੇ ਵਿਕਾਸ ਨੂੰ ਯਕੀਨੀ ਬਣਾਉਣਾ ਹੈ।

ਉਨਾਂ ਨੇ ਦੱਸਿਆ ਕਿ ਨੀਤੀ ਆਯੋਗ ਨੇ ਹੁਣ ਅਗਲੇ ਤਿੰਨ ਮਹੀਨਿਆਂ ਵਿੱਚ ਧਿਆਨ ਦੇਣ ਲਈ 6 ਖਾਸ ਸੂਚਕਾਂ ਦੀ ਚੋਣ ਕੀਤੀ ਹੈ। ਇਨਾਂ ਸੂਚਕਾਂ ਵਿੱਚ ਜਨਮ ਤੋਂ ਪਹਿਲਾਂ ਦੀ ਦੇਖਭਾਲ ਹਾਈਪਟੈਨਸ਼ਨ ਸਕਰੀਨਿੰਗ, ਡਾਇਬਟੀਜ਼ ਸਕਰੀਨਿੰਗ, ਗਰਭਵਤੀ ਔਰਤਾਂ ਲਈ ਪੋਸ਼ਨ, ਸਾਇਲ ਹੈਲਥ ਕਾਰਡ ਜਾਰੀ ਕਰਨਾ ਅਤੇ ਸਮਾਜਿਕ ਸੁਰੱਖਿਆ ਲਈ ਕੰਮ ਸ਼ਾਮਲ ਹਨ। ਉਨਾਂ ਜੋਰ ਦੇ ਕੇ ਇ ਕਿ ਆਉਣ ਵਾਲੇ ਦਿਨਾਂ ਵਿੱਚ ਇਨਾਂ ਖੇਤਰਾਂ ਵਿੱਚ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ ਲਈ ਇਕ ਵਿਆਪਕ ਮੁਹਿੰਮ ਚਲਾਈ ਜਾਵੇਗੀ।

ਡਿਪਟੀ ਈਐਸਏ ਸ਼੍ਰੀਮਤੀ ਕੰਵਲਜੀਤ ਕੌਰ ਨੇ ਦੱਸਿਆ ਕਿ ਪ੍ਰਸ਼ਾਸਨ ਪੇਂਡੂ ਅਤੇ ਪਛੜੇ ਖੇਤਰਾਂ ਦੇ ਸਰਵਪੱਖੀ ਵਿਕਾਸ ਲਈ ਸਰਗਰਮੀ ਨਾਲ ਕੰਮ ਕਰ ਰਿਹਾ ਹੈ ਅਤੇ ਇਹ ਯਕੀਨੀ ਬਣਾ ਰਿਹਾ ਹੈ ਕਿ ਸਰਕਾਰੀ ਸਕੀਮਾਂ ਸਮਾਜ ਦੇ ਸਾਰੇ ਵਰਗਾਂ ਤੱਕ ਆਸਾਨੀ ਨਾਲ ਪਹੁੰਚਾਈਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦਾ ਲਾਭ ਪ੍ਰਾਪਤ ਕੀਤਾ ਜਾ ਰਿਹਾ ਹੈ। ਉਨਾਂ ਨੇ ਲੋਕਾਂ ਨੂੰ ਅੱਗੇ ਆਉਣ ਅਤੇ ਸਮਾਜਿਕ ਮੁੱਦਿਆਂ ਨੂੰ ਖਤਮ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਦਿਲਜੀਤ ਸੋਨਾ ਡਰਾਮਾ ਗਰੁੱਪ ਵੱਲੋਂ ਇੱਕ ਨਾਟਕ ਪੇਸ਼ ਕੀਤਾ ਗਿਆ। ਇਸ ਮੌਕੇ ਸੈਲਫ ਹੈਲਪ ਗਰੁੱਪਾਂ ਵੱਲੋਂ ਆਰਗੈਨਿਕ ਫੂਡ, ਮੈਡੀਕਲ ਕੈਂਪ ਹਾਈਪਰਟੈਨਸ਼ਨ ਅਤੇ ਸ਼ੂਗਰ ਦੀ ਜਾਂਚ ਲਈ ਕੈਂਪ ਲਗਾਇਆ ਗਿਆ। ਸਮਾਗਮ ਦੀ ਸਮਾਪਤੀ ਸਹੁੰ ਚੁੱਕ ਸਮਾਗਮ ਨਾਲ ਕੀਤੀ ਗਈ।

ਇਸ ਮੌਕੇ ਬੀ.ਡੀ.ਪੀ.ਓ ਹਰਸ਼ਾ ਛੀਨਾ, ਬਲਾਕ ਖੇਤੀਬਾੜੀ ਅਫਸਰ, ਏ.ਬੀ.ਐਫ ਮਹਿਮੀਤ, ਏ.ਬੀ.ਐਫ ਸ਼ਿਵਾਲੀ ਸ਼ਰਮਾ,ਹਿਮਾਂਸ਼ੀ, ਚੇਤਨਿਆ ਅਤੇ ਸ੍ਰੀ ਪਰਵੇਸ਼ ਕੁਮਾਰ ਮੌਜੂਦ ਸਨ।

# ਤਰੰਗ ਮੇਲਾ ਅੰਮ੍ਰਿਤਸਰ ਵਿਖੇ ਸਮਾਪਤ ਹੋਇਆ

**ਅੰਮ੍ਰਿਤਸਰ, 9 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਬਾਰਡ ਪੰਜਾਬ ਨੇ ਅੰਮ੍ਰਿਤਸਰ ਦੇ ਰਜਿੰਦਰਾ ਰਿਜ਼ੋਰਟ ਵਿਖੇ ਆਯੋਜਿਤ ਕੀਤਾ।

ਮੇਲੇ ਦਾ ਉਦਘਾਟਨ ਸ੍ਰੀ ਰਘੂਨਾਥ ਬੀ, ਸੀਜੀਐਮ ਨਾਬਾਰਡ ਪੰਜਾਬ ਨੇ ਕੀਤਾ। ਉਦਘਾਟਨੀ ਸਮਾਗਮ ਵਿੱਚ ਜ਼ੋਨਲ ਮੈਨੇਜਰ ਪੰਜਾਬ ਐਂਡ ਸਿੰਧ ਬੈਂਕ, ਖੇਤਰੀ ਮੈਨੇਜਰ ਪੰਜਾਬ ਗ੍ਰਾਮੀਣ ਬੈਂਕ, ਮੁੱਖ ਐਲਡੀਐਮ, ਮੁੱਖ ਖੇਤੀਬਾੜੀ ਅਫਸਰ, ਕ੍ਰਿਸ਼ੀ ਵਿਗਿਆਨ ਕੇਂਦਰ ਦੇ ਡਿਪਟੀ ਡਾਇਰੈਕਟਰ ਅਤੇ ਅੰਮ੍ਰਿਤਸਰ ਜ਼ਿਲ੍ਹਾ ਕੇਂਦਰੀ ਸਹਿਕਾਰੀ ਬੈਂਕ ਦੇ ਜ਼ਿਲ੍ਹਾ ਮੈਨੇਜਰ ਨੇ ਸ਼ਿਰਕਤ ਕੀਤੀ। ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਤ੍ਰਿਪੁਰਾ ਦੇ FPO/OFPO/ਕਾਰੀਗਰਾਂ ਨੇ ਪ੍ਰਦਰਸ਼ਨੀ ਅਤੇ ਵਿਕਰੀ ਦੌਰਾਨ ਆਪਣੇ ਉਤਪਾਦ ਪ੍ਰਦਰਸ਼ਿਤ ਕੀਤੇ। ਖਪਤਕਾਰਾਂ ਨੇ ਸ਼ਹਿਦ, ਮਲਟੀ ਗ੍ਰੇਨ ਆਟਾ, ਬਾਸਮਤੀ, ਦਾਲਾਂ, ਤੇਲ, ਦਸਤਕਾਰੀ, ਅਚਾਰ, ਡੇਅਰੀ ਉਤਪਾਦ ਅਤੇ ਹੋਰ ਰੋਜ਼ਾਨਾ ਵਰਤੋਂ ਦੀਆਂ ਵਸਤੂਆਂ ਕਿਸਾਨਾਂ ਅਤੇ ਕਾਰੀਗਰਾਂ ਤੋਂ ਸਿੱਧੇ ਖਰੀਦੀਆਂ। ਸਮਾਪਤੀ ਸਮਾਰੋਹ ਵਿੱਚ ਸਭ ਤੋਂ ਵੱਧ ਵਿਕਰੀ ਵਾਲੇ 05 ਸਟਾਲਾਂ ਨੂੰ ਸਨਮਾਨਿਤ ਕੀਤਾ ਗਿਆ।

# ਸੜਕਾਂ ਤੇ ਬੇਲਗਾਮ ਘੁੰਮ ਰਹੀਆਂ ਮੌਤ ਵੰਡਦੀਆਂ ਸਕੂਲੀ ਬੱਸਾਂ

**ਮਾਛੀਵਾੜਾ ਸਾਹਿਬ, 9 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ਼ਹਿਰ ਵਿਖੇ ਪ੍ਰਾਈਵੇਟ ਸਕੂਲਾਂ ਦੀਆਂ ਬੱਸਾਂ ਸ਼ਰੇਆਮ ਸਰਕਾਰੀ ਹੁਕਮਾਂ ਦੀਆਂ ਧੱਜੀਆਂ ਉਡਾਉਂਦੀਆਂ ਸੜਕਾਂ ਤੇ ਮੌਤ ਵੰਡ ਰਹੀਆਂ ਹਨ। ਇਨ੍ਹਾਂ ਸਕੂਲੀ ਬੱਸਾਂ ਨੇ ਬੱਸਾਂ ਵਿੱਚ ਬੈਠੇ ਛੋਟੇ ਬੱਚਿਆਂ ਦਾ ਨੁਕਸਾਨ ਤਾਂ ਕਰਨਾ ਹੀ ਹੈ ਨਾਲ ਹੀ ਇਹਨਾਂ ਨੇ ਸੜਕਾਂ ਉੱਤੇ ਜਾਂਦੇ ਰਾਹਗੀਰਾ ਨੂੰ ਵੀ ਮੌਤ ਦੇ ਘਾਟ ਉਤਾਰਨ ਦਾ ਠੇਕਾ ਲਿਆ ਹੋਇਆ ਹੈ। ਇਨ੍ਹਾਂ ਕਈ ਸਕੂਲੀ ਬੱਸਾਂ ਵਿੱਚ ਨਾ ਕੈਮਰੇ, ਨਾ ਹੀ ਬੱਸਾਂ ਦੇ ਪੂਰੇ ਕਾਗਜ਼ਾਤ ਅਤੇ ਨਾ ਹੀ ਕੰਡਕਟਰ ਹਨ। ਜਦੋਂ ਇਹ ਸਕੂਲੀ ਬੱਸਾਂ ਸਕੂਲ ਦੇ ਵਿਦਿਆਰਥੀਆਂ ਨੂੰ ਲੈ ਕੇ ਜਾਂਦੀਆਂ ਹਨ ਤਾਂ ਬਹੁਤ ਹੀ ਜਿਆਦਾ ਓਵਰ ਸਪੀਡ ਉੱਤੇ ਸੜਕਾਂ ਉਪਰੋਂ ਲੰਘਦੀਆਂ ਹਨ ਅਤੇ ਨਾ ਹੀ ਮੁੜਨ ਲੱਗੇ ਸੱਜਾ ਖੱਬਾ ਦੇਖਦੇ ਹਨ ਜਿਸ ਨਾਲ ਕਈ ਵਾਰੀ ਵੱਡੇ ਹਾਦਸੇ ਵੀ ਵਾਪਰ ਜਾਂਦੇ ਹਨ। ਜਿਸ ਨਾਲ ਵਿੱਚ ਬੈਠੇ ਸਕੂਲੀ ਵਿਦਿਆਰਥੀਆਂ ਦੀ ਜਾਨ ਨੂੰ ਤਾਂ ਖਤਰਾ ਬਣਿਆ ਹੀ ਰਹਿੰਦਾ ਹੈ ਪਰ ਦੇਖਿਆ ਜਾਵੇ ਉੱਥੇ ਹੀ ਸੜਕਾਂ ਉਪਰੋਂ ਲੰਘਣ ਵਾਲੇ ਰਾਹਗੀਰ ਵੀ ਕਈ ਵਾਰੀ ਇਹਨਾਂ ਸਕੂਲੀ ਬੱਸਾਂ ਦਾ ਸ਼ਿਕਾਰ ਹੋਏ ਹਨ।

ਜੇਕਰ ਇਹ ਸਕੂਲਾਂ ਵਾਲੇ ਮਾਪਿਆਂ ਤੋਂ ਬੱਚਿਆਂ ਦੀਆਂ ਮੂੰਹ ਮੰਗੀਆਂ ਫੀਸਾਂ ਲੈਂਦੇ ਹਨ ਤਾਂ ਇਹ ਆਪਣੀਆਂ ਬੱਸਾਂ ਵਿੱਚ ਕੈਮਰੇ,ਕੰਡਕਟਰ ਅਤੇ ਪੂਰੇ ਕਾਗਜਾਤ ਕਿਉਂ ਨਹੀਂ ਰੱਖਦੇ। ਵੈਸੇ ਵੀ ਦੇਖਣ ਵਿੱਚ ਕਈ ਵਾਰੀ ਆਇਆ ਹੈ ਜਦੋਂ ਇਹ ਬੱਸਾਂ ਸੜਕਾਂ ਤੋਂ ਲੰਘਦੀਆਂ ਹਨ ਤਾਂ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਇਹਨਾਂ ਬੱਸਾਂ ਨੂੰ ਰੋਕ ਕੇ ਚੈਕ ਨਹੀਂ ਕਰਦਾ। ਜਦੋਂ ਕਿ ਸਰਕਾਰ ਦੇ ਹੁਕਮ ਹਨ ਜੋ ਵੀ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਦੀਆਂ ਵਿਦਿਆਰਥੀਆਂ ਵਾਲੀਆਂ ਬੱਸਾਂ ਹਨ ਇਹਨਾਂ ਦੀ ਸਮੇਂ-ਸਮੇਂ ਤੇ ਚੈਕਿੰਗ ਕੀਤੀ ਜਾਵੇ। ਅਗਰ ਕੋਈ ਵੀ ਸਕੂਲੀ ਬੱਸ ਨਿਯਮਾਂ ਦੀ ਉਲੰਘਣਾ ਕਰਦੀ ਹੈ ਤਾਂ ਇਹਨਾਂ ਦੇ ਚਲਾਨ ਕੀਤੇ ਜਾਣ ਜਾਂ ਫਿਰ ਇਹਨਾਂ ਬੱਸਾਂ ਨੂੰ ਬੰਦ ਕੀਤਾ ਜਾਵੇ ਕਈ ਪ੍ਰਾਈਵੇਟ ਸਕੂਲੀ ਬੱਸਾਂ ਦੀ ਤਾਂ ਮੁਨਿਆਦ ਵੀ ਲੰਘੀ ਹੋਈ ਹੈ ਜੋ ਕਿ ਸੜਕਾਂ ਉੱਤੇ ਬਿਲਕੁਲ ਵੀ ਨਹੀਂ ਚੱਲ ਸਕਦੀਆਂ ਪਰ ਇਹ 15-20 ਸਾਲ ਪੁਰਾਣੀਆਂ ਸਕੂਲੀ ਬੱਸਾਂ ਸ਼ਰੇਆਮ ਸੜਕਾਂ ਉੱਤੇ ਬੱਚਿਆਂ ਨੂੰ ਲੈ ਕੇ ਲੰਘ ਰਹੀਆਂ ਹਨ ਅਤੇ ਮੌਤ ਨੂੰ ਵੰਡ ਰਹੀਆਂ ਹਨ।

ਮਾਪਿਆਂ ਨੂੰ ਵੀ ਚਾਹੀਦਾ ਹੈ ਜੇਕਰ ਇਹ ਸਕੂਲ ਵਾਲਿਆਂ ਨੂੰ ਮੂੰਹ ਮੰਗੀਆਂ ਫੀਸਾਂ ਦਿੰਦੇ ਹਨ ਤਾਂ ਸਕੂਲ ਵਾਲਿ

# ਹਾਈ ਕੋਰਟ ਵੱਲੋਂ ਸ਼ੰਭੂ ਬਾਰਡਰ ਹ.ਫ਼ਤੇ ਅੰਦਰ ਖੋਲ੍ਹਣ ਦੇ ਹੁਕਮ

**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਹਰਿਆਣਾ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਇਕ ਹਫ਼ਤੇ ਦੇ ਅੰਦਰ ਸ਼ੰਭੂ ਬਾਰਡਰ ਖੋਲ੍ਹਿਆ ਜਾਵੇ ਅਤੇ ਕੌਮੀ ਮਾਰਗ 'ਤੇ ਲਗਾਏ ਬੈਰੀਕੇਡ ਹਟਾਏ ਜਾਣ। ਹਾਈਕੋਰਟ ਨੇ ਖਨੌਰੀ ਬਾਰਡਰ 'ਤੇ ਮਰਨ ਵਾਲੇ ਕਿਸਾਨ ਸ਼ੁਭਕਰਨ ਦੀ ਮੌਤ ਦੀ ਜਾਂਚ ਲਈ ਸਿੱਟ ਬਣਾਉਣ ਦਾ ਵੀ ਹੁਕਮ ਦਿੱਤਾ ਹੈ। ਹਾਈਕੋਰਟ ਨੇ ਇਹ ਹੁਕਮ ਇਕ ਜਨਹਿੱਤ ਪਟੀਸ਼ਨ ਸਬੰਧੀ ਸੁਣਵਾਈ ਕਰਦਿਆਂ ਦਿੱਤੇ। ਦੱਸਣਯੋਗ ਹੈ ਕਿ ਕਿਸਾਨ ਕੇਂਦਰ ਸਰਕਾਰ ਵੱਲੋਂ ਮੰਨੀਆਂ ਮੰਗਾਂ ਨੂੰ ਅਮਲ ਵਿਚ ਨਾ ਲਿਆਉ ਕਾਰਨ ਰੋਸ ਵਿਚ ਹਨ ਤੇ ਕੇਂਦਰ ਸਰਕਾਰ ਖ਼ਿਲਾਫ਼ ਪਿਛਲੇ ਚਾਰ ਮਹੀਨਿਆਂ ਤੋਂ ਬਾਰਡਰਾਂ 'ਤੇ ਧਰਨਾ ਦੇ ਰਹੇ ਹਨ। ਸੰਭੂ ਬਾਰਡਰ ਖੁੱਲ੍ਹਵਾਉਣ ਲਈ ਕਈ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ ਜਿਨ੍ਹਾਂ ਵਿਚੋਂ ਇਕ ਪਟੀਸ਼ਨ ਅੰਬਾਲਾ ਦੇ ਵਕੀਲ ਵਾਸੂ ਰੰਜਨ ਸ਼ਾਂਡਲਿਆ ਵੱਲੋਂ ਦਾਇਰ ਕੀਤੀ ਗਈ। ਸ਼ਾਂਡਲਿਆ ਨੇ ਪਟੀਸ਼ਨ ਵਿਚ ਕਿਹਾ ਕਿ ਪਿਛਲੇ ਪੰਜ ਮਹੀਨਿਆਂ ਤੋਂ ਨੈਸ਼ਨਲ ਹਾਈਵੇਅ-44 ਬੰਦ ਪਿਆ ਹੈ ਜਿਸ ਨਾਲ ਅੰਬਾਲਾ ਦੇ ਦੁਕਾਨਦਾਰ, ਛੋਟੇ ਵਪਾਰੀ, ਰੇਹੜੀ-ਫੜ੍ਹੀ ਵਾਲੇ ਪ੍ਰੇਸ਼ਾਨ ਹਨ। ਉਨ੍ਹਾਂ ਸ਼ੰਭੂ ਬਾਰਡਰ ਖੁੱਲ੍ਹਵਾਉਣ ਲਈ ਫੌਰੀ ਹੁਕਮ ਜਾਰੀ ਕਰਨ ਦੀ ਮੰਗ ਕੀਤੀ। ਪਟੀਸ਼ਨ ਵਿੱਚ ਪੰਜਾਬ ਤੇ ਹਰਿਆਣਾ ਸਰਕਾਰ ਸਮੇਤ ਕਿਸਾਨ ਆਗੂ ਸਰਵਣ ਪੰਧੇਰ ਅਤੇ ਜਗਜੀਤ ਡੱਲੇਵਾਲ ਨੂੰ ਧਿਰ ਬਣਾਇਆ ਹੈ। ਦੂਜੇ ਪਾਸੇ ਕਿਸਾਨਾਂ ਦੀ ਮੰਗ ਹੈ ਕਿ ਇਸ ਮਾਮਲੇ 'ਤੇ ਕੇਂਦਰ ਸਰਕਾਰ ਨੂੰ ਕਿਸਾਨੀ ਮੰਗਾਂ ਮੰਨਣੀਆਂ ਚਾਹੀਦੀਆਂ ਹਨ ਤੇ ਕਿਸਾਨਾਂ ਨੂੰ ਧੋਖਾ ਨਾ ਕੇ ਨਿਆਂ ਦੇਣਾ ਚਾਹੀਦਾ ਹੈ।

# ਭਾਰਤ-ਆਸਟਰੀਆ ਸਾਂਝੇ ਬਿਆਨ 'ਇਹ ਜੰਗ ਦਾ ਸਮਾਂ ਨਹੀਂ' : ਮੋਦੀ

**ਆਸਟਰੀਆ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ-ਆਸਟਰੀਆ ਸਾਂਝੇ ਬਿਆਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਵਾਰ ਫਿਰ ਕਿਹਾ ਹੈ ਕਿ ਇਹ ਜੰਗ ਦਾ ਸਮਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਚਾਂਸਲਰ ਨੇਹਮੇਰ ਅਤੇ ਮੈਂ ਦੁਨੀਆ 'ਚ ਚੱਲ ਰਹੇ ਸਾਰੇ ਸੰਘਰਸ਼ਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਹੈ, ਚਾਹੇ ਉਹ ਯੂਕ੍ਰੇਨ ਦਾ ਸੰਘਰਸ਼ ਹੋਵੇ ਜਾਂ ਪੱਛਮੀ ਏਸ਼ੀਆ ਦੀ ਸਥਿਤੀ। ਪੀ.ਐਮ ਮੋਦੀ ਨੇ ਕਿਹਾ ਕਿ ਮੈਂ ਪਹਿਲਾਂ ਵੀ ਕਿਹਾ ਹੈ ਕਿ ਇਹ ਯੁੱਧ ਦਾ ਸਮਾਂ ਨਹੀਂ ਹੈ। ਅਸੀਂ ਦੋਵੇਂ ਦੇਸ਼ ਅੱਤਵਾਦ ਦੀ ਸਖ਼ਤ ਨਿੰਦਾ ਕਰਦੇ ਹਾਂ। ਅਸੀਂ ਇਸ ਗੱਲ ਨਾਲ ਸਹਿਮਤ ਹਾਂ ਕਿ ਅੱਤਵਾਦ ਕਿਸੇ ਵੀ ਰੂਪ ਵਿੱਚ ਸਵੀਕਾਰ ਨਹੀਂ ਹੈ। ਇਸ ਨੂੰ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਜੰਗ ਦੇ ਮੈਦਾਨ ਵਿੱਚ ਸਮੱਸਿਆਵਾਂ ਦਾ ਹੱਲ ਨਹੀਂ ਕੀਤਾ ਜਾ ਸਕਦਾ। ਬੇਕਸੂਰ ਜਾਨਾਂ ਦਾ ਨੁਕਸਾਨ, ਕਿਤੇ ਵੀ ਹੋਵੇ, ਪ੍ਰਵਾਨ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਰਤ ਅਤੇ ਆਸਟ ?ਰੀਆ ਸ਼ਾਂਤੀ ਅਤੇ ਸਥਿਰਤਾ ਦੀ

ਛੇਤੀ ਬਹਾਲੀ ਲਈ ਗੱਲਬਾਤ ਅਤੇ ਕੂਟਨੀਤੀ 'ਤੇ ਜ਼ੋਰ ਦਿੰਦੇ ਹਨ। ਇਸ ਦੇ ਲਈ ਅਸੀਂ ਦੋਵੇਂ ਹਰ ਸੰਭਵ ਸਹਿਯੋਗ ਦੇਣ ਲਈ ਤਿਆਰ ਹਾਂ।

ਆਸਟਰੀਆ ਦੇ ਚਾਂਸਲਰ ਨਾਲ ਮੁਲਾਕਾਤ ਤੋਂ ਬਾਅਦ ਦੋਹਾਂ ਦੇਸ਼ਾਂ ਦੇ ਸਾਂਝੇ ਬਿਆਨ 'ਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਚਾਂਸਲਰ ਨੇਹਮਰ ਨਾਲ ਉਨ੍ਹਾਂ ਦੀ ਬਹੁਤ ਸਾਰਥਕ ਗੱਲਬਾਤ ਹੋਈ। ਅਸੀਂ ਆਪਸੀ ਸਹਿਯੋਗ ਨੂੰ ਹੋਰ ਮਜ਼ਬੂਤ ? ?ਕਰਨ ਲਈ ਨਵੀਆਂ ਸੰਭਾਵਨਾਵਾਂ 'ਤੇ ਚਰਚਾ ਕੀਤੀ। ਅਸੀਂ ਫ਼ੈਸਲਾ ਕੀਤਾ ਹੈ ਕਿ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਰਣਨੀਤਕ ਦਿਸ਼ਾ ਦਿੱਤੀ ਜਾਵੇਗੀ। ਉੱਧਰ ਪੀ.ਐਮ ਮੋਦੀ ਨੇ ਕਿਹਾ ਕਿ ਅੱਜ ਅਸੀਂ ਜਲਵਾਯੂ ਤਬਦੀਲੀ ਅਤੇ ਅੱਤਵਾਦ ਵਰਗੀਆਂ ਮਨੁੱਖਤਾ ਨੂੰ ਦਰਪੇਸ਼ ਚੁਣੌਤੀਆਂ ਬਾਰੇ ਵੀ ਵਿਚਾਰ ਸਾਂਝੇ ਕੀਤੇ। ਅਸੀਂ ਆਸਟ ?ਰੀਆ ਨੂੰ ਸਾਡੀਆਂ ਜਲਵਾਯੂ ਪਹਿਲਕਦਮੀਆਂ ਜਿਵੇਂ ਕਿ ਅੰਤਰਰਾਸ਼ਟਰੀ ਸੋਲਰ ਅਲਾਇੰਸ ਅਤੇ ਬਾਇਓਫਿਊਲ ਅਲਾਇੰਸ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੰਦੇ ਹਾਂ।

ਨਰਿੰਦਰ ਮੋਦੀ ਨੇ ਕਿਹਾ ਕਿ ਅਸੀਂ ਦੋਵੇਂ ਅੱਤਵਾਦ ਦੀ ਸਖ਼ਤ ਨਿੰਦਾ ਕਰਦੇ ਹਾਂ। ਅਸੀਂ ਇਸ ਗੱਲ ਨਾਲ ਸਹਿਮਤ ਹਾਂ ਕਿ ਅੱਤਵਾਦ ਕਿਸੇ ਵੀ ਰੂਪ ਵਿੱਚ ਸਵੀਕਾਰ ਨਹੀਂ ਹੈ। ਇਸ ਨੂੰ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਅਸੀਂ ਸੰਯੁਕਤ ਰਾਸ਼ਟਰ ਅਤੇ ਹੋਰ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਸਮਕਾਲੀ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਸੁਧਾਰ ਕਰਨ ਲਈ ਸਹਿਮਤ ਹਾਂ। ਉਨ੍ਹਾਂ ਨੇ ਕਿਹਾ, "ਆਸਟ ?ਰੀਆ ਵਿੱਚ ਆਉਣ ਵਾਲੇ ਮਹੀਨਿਆਂ ਵਿੱਚ ਚੋਣਾਂ ਹੋਣੀਆਂ ਹਨ। ਭਾਰਤ ਦੇ ਲੋਕਾਂ, ਲੋਕਤੰਤਰ ਦੀ ਮਾਂ ਅਤੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਤਰਫੋਂ, ਮੈਂ ਚਾਂਸਲਰ ਨੇਹਮਰ ਅਤੇ ਆਸਟ ?ਰੀਆ ਦੇ ਲੋਕਾਂ ਨੂੰ ਬਹੁਤ ਸਾਰੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ।ਤੁਹਾਨੂੰ ਦੱਸ ਦੇਈਏ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਆਸਟ ?ਰੀਆ ਦੌਰੇ ਦੌਰਾਨ ਅੱਜ ਆਸਟ ?ਰੀਆ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਵੈਨ ਡੇਰ ਬੇਲੇਨ ਅਤੇ ਇਸ ਦੇ ਚਾਂਸਲਰ ਕਾਰਲ ਨੇਹਮਰ ਨਾਲ ਗੱਲਬਾਤ ਕੀਤੀ। ਵਿਆਨਾ ਵਿੱਚ ਦੋਹਾਂ ਦੇਸ਼ਾਂ ਦਰਮਿਆਨ ਸਾਂਝੇ ਬਿਆਨ ਵਿੱਚ ਪ੍ਰਧਾਨ ਮੰਤਰੀ ਨੇ ਆਸਟਰੀਆ ਨਾਲ ਆਪਣੇ ਮਜ਼ਬੂਤ ? ?ਸਬੰਧਾਂ ਨੂੰ ਦੁਹਰਾਇਆ।ਇਸ ਤੋਂ ਪਹਿਲਾਂ ਪ ?ਧਾਨ ਮੰਤਰੀ ਨਰਿੰਦਰ ਮੋਦੀ ਨੇ ਆਸਟ ?ਰੀਆ ਦੇ ਚਾਂਸਲਰ ਕਾਰਲ ਨੇਹਮਰ ਨਾਲ ਮੁਲਾਕਾਤ ਕੀਤੀ ਅਤੇ ਦੁਵੱਲੀ ਸਾਂਝੇਦਾਰੀ ਦੀ ਪੂਰੀ ਸੰਭਾਵਨਾ ਨੂੰ ਵਰਤਣ ਦੇ ਤਰੀਕਿਆਂ 'ਤੇ ਚਰਚਾ ਕੀਤੀ।

# ਉਤਰ ਪ੍ਰਦੇਸ਼ ਦੇ ਉਨਾਓ ਵਿੱਚ ਬੱਸ ਤੇ ਟੈਂਕਰ ਦੀ ਟੱਕਰ; 18 ਮੌਤਾਂ; 19 ਜ਼ਖ਼ਮੀ

**ਉਨਾਓ, 10 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਅੱਜ ਸਵੇਰੇ ਪੰਜ ਵਜੇ ਡਬਲ ਡੈਕਰ ਬੱਸ ਦੀ ਟੈਂਕਰ ਨਾਲ ਟੱਕਰ ਹੋ ਗਈ ਜਿਸ ਕਾਰਨ 18 ਸਵਾਰੀਆਂ ਦੀ ਮੌਤ ਹੋ ਗਈ ਤੇ 19 ਜ਼ਖ਼ਮੀ ਹੋ ਗਏ। ਇਹ ਹਾਦਸਾ ਲਖਨਊ-ਆਗਰਾ ਐਕਸਪ੍ਰੇਸਵੇਅ 'ਤੇ ਬਾਂਗਰਮਊ ਕੋਤਵਾਲੀ ਨੇੜੇ ਹੋਇਆ। ਇਸ ਟੱਕਰ ਵਿਚ ਬੱਸ ਦੀ ਡਰਾਈਵਰ ਸਾਈਡ ਦੀ ਬਾਡੀ ਵੱਖ ਹੋ ਗਈ। ਪੁਲੀਸ ਅਨੁਸਾਰ ਇਹ ਬੱਸ ਟੈਂਕਰ ਨੂੰ ਓਵਰਟੇਕ ਕਰ ਰਹੀ ਸੀ। ਇਸ ਦੌਰਾਨ ਬੇਕਾਬੂ ਹੋ ਕੇ ਟੈਂਕਰ ਨਾਲ ਟਕਰਾ ਕੇ ਪਲਟ ਗਈ। ਬੱਸ ਵਿਚ 59 ਯਾਤਰੀ ਸਵਾਰ ਸਨ ਜਿਨ੍ਹਾਂ ਵਿਚੋਂ 22 ਸੁਰੱਖਿਅਤ ਹਨ। ਹਾਦਸੇ ਤੋਂ ਬਾਅਦ ਐਕਸਪ੍ਰੈਸਵੇਅ 'ਤੇ ਲੰਬਾ ਜਾਮ ਲੱਗ ਗਿਆ।

**ਮ੍ਰਿਤਕਾਂ ਦੇ ਵਾਰਿਸਾਂ ਨੂੰ 2 ਲੱਖ ਅਤੇ ਜ਼ਖ਼ਮੀਆਂ ਨੂੰ 50 ਹਜ਼ਾਰ ਐਕਸ ਗ੍ਰੇਸ਼ੀਆ ਗ੍ਰਾਂਟ ਦੇਣ ਦਾ ਐਲਾਨ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕਰਦਿਆਂ ਮ੍ਰਿਤਕਾਂ ਦੇ ਵਾਰਿਸਾਂ ਨੂੰ 2 ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50 ਹਜ਼ਾਰ ਰੁਪਏ ਐਕਸ ਗੇ ?ਸ਼ੀਆ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ। ਉਧਰ ਇਸ ਘਟਨਾ ਨੂੰ ਲੈ ਕੇ ਕੇਂਦਰੀ ਮੰਤਰੀ ਰਾਜਨਾਥ ਸਿੰਘ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਆਨਾਥ ਨੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ।

# ਪਤੰਜਲੀ ਨੂੰ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕਰਨ 'ਤੇ 50 ਲੱਖ ਰੁਪਏ ਜਮ੍ਹਾਂ ਕਰਨ ਦਾ ਨਿਰਦੇਸ਼

**ਮੁੰਬਈ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬੰਬੇ ਹਾਈ ਕੋਰਟ ਨੇ ਪਤੰਜਲੀ

ਆਯੁਰਵੇਦ ਨੂੰ ਟਰੇਡਮਾਰਕ ਨਿਯਮਾਂ ਬਾਰੇ ਅਦਾਲਤ ਦੇ ਅੰਤਰਿਮ ਹੁਕਮਾਂ ਦੀ ਉਲੰਘਣਾ ਕਰਨ 'ਤੇ 50 ਲੱਖ ਰੁਪਏ ਜਮ ?ਹਾ ਕਰਨ ਦਾ ਨਿਰਦੇਸ਼ ਦਿੱਤਾ ਹੈ। ਹਾਈ ਕੋਰਟ ਨੇ ਅਗਸਤ 2023 ਵਿੱਚ ਇੱਕ ਅੰਤਰਿਮ ਆਦੇਸ਼ ਵਿੱਚ ਮੰਗਲਮ ਆਰਗੈਨਿਕਸ ਲਿਮਟਿਡ ਵੱਲੋਂ ਦਾਇਰ ਟਰੇਡਮਾਰਕ ਉਲੰਘਣਾ ਮਾਮਲੇ ਵਿੱਚ ਪਤੰਜਲੀ ਆਯੁਰਵੇਦ ਲਿਮਟਿਡ ਨੂੰ ਆਪਣੇ ਉਤਪਾਦ ਵੇਚਣ ਤੋਂ ਰੋਕ ਦਿੱਤਾ ਸੀ। ਜਸਟਿਸ ਆਰ.ਆਈ. ਛਾਗਲਾ ਦੇ ਸਿੰਗਲ ਬੈਂਚ ਨੇ 8 ਜੁਲਾਈ ਨੂੰ ਕਿਹਾ ਕਿ ਪਤੰਜਲੀ ਨੇ ਜੂਨ 'ਚ ਦਾਇਰ ਹਲਫਨਾਮੇ ਵਿਚ ਕਬੂਲ ਕੀਤਾ ਕਿ ਕਪੂਰ ਉਤਪਾਦਾਂ ਦੀ ਵਿਕਰੀ 'ਤੇ ਰੋਕ ਦੇ ਪਹਿਲੇ ਹੁਕਮ ਦੀ ਉਲੰਘਣਾ ਕੀਤੀ ਹੈ।

# ਡੀ.ਆਈ.ਜੀ. ਐਸ.ਕੇ. ਰਾਮਪਾਲ ਨੇ ਕਮਾਂਡੋ ਕੰਪਲੈਕਸ ਬਹਾਦਰਗੜ੍ਹ ਵਿਖੇ ਰੁੱਖ ਲਗਾਓ ਮੁਹਿੰਮ ਦੀ ਸ਼ੁਰੂਆਤ ਕਰਵਾਈ

**ਪਟਿਆਲਾ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਣ ਮਹਾ ਉਤਸਵ ਸਪਤਾਹ ਮੌਕੇ ਇੱਥੇ ਕਮਾਂਡੋ ਕੰਪਲੈਕਸ ਬਹਾਦਰਗੜ੍ਹ ਵਿਖੇ ÷ਰੁੱਖ ਲਗਾਓ ਮੁਹਿੰਮ÷ ਦੀ ਸ਼ੁਰੂਆਤ ਕਰਨ ਪੁੱਜੇ ਡੀ.ਆਈ.ਜੀ. ਕਮਾਂਡੋਂ ਐਸ.ਕੇ. ਰਾਮਪਾਲ ਨੇ ਕਿਹਾ ਕਿ ਰੁੱਖਾਂ ਬਿਨ੍ਹਾਂ ਸਾਡੇ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਇਸ ਲਈ ਹਰੇਕ ਮਨੁੱਖ ਆਪਣੇ ਤੇ ਆਪਣੇ ਪਰਿਵਾਰ ਦੇ ਜੀਵਨ ਲਈ ਵੱਧ ਤੋਂ ਵੱਧ ਰੁੱਖ ਜਰੂਰ ਲਾਵੇ।

ਡੀ.ਆਈ.ਜੀ. ਐਸ.ਕੇ. ਰਾਮਪਾਲ ਨੇ ਇਸ ਬੂਟੇ ਲਾਉਣ ਦੀ ਮੁਹਿੰਮ ਬਾਰੇ ਦੱਸਦਿਆਂ ਕਿਹਾ ਕਿ ਏ.ਡੀ.ਜੀ.ਪੀ./ਕਮਾਂਡੋ, ਪੰਜਾਬ ਏ.ਕੇ.ਪਾਂਡੇ ਦੀ ਰਹਿਨੁਮਾਈ ਹੇਠ ਕਮਾਂਡੋ

ਕੰਪਲੈਕਸ, ਬਹਾਦਰਗੜ੍ਹ, ਪਟਿਆਲਾ ਵਿਖੇ ÷ਰੁੱਖ ਲਗਾਓ ਮੁਹਿੰਮ÷ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਤੋਂ ਬਿਨ੍ਹਾਂ ਕਮਾਂਡੋ ਜਵਾਨਾਂ ਵੱਲੋਂ ਜਿੱਥੇ ਵੀ ਕਿਤੇ ਜਗ੍ਹਾ ਮਿਲੇਗੀ ਉਥੇ ਹੀ ਬੂਟੇ ਜਰੂਰ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਵਾਤਾਵਰਣ ਦੀ ਸੁਰੱਖਿਆ ਤੇ ਤੰਦਰੁਸਤ ਜੀਵਨ ਲਈ ਰੁੱਖਾਂ ਦੀ ਬਹੁਤ ਮਹੱਤਤਾ ਹੈ, ਇਸ ਲਈ ਹਰੇਕ ਵਿਅਕਤੀ ਨੂੰ ਰੁੱਖ ਲਗਾਕੇ ਇਨ੍ਹਾਂ ਦਾ ਪਾਲਣ ਪੋਸ਼ਣ ਵੀ ਆਪਣੇ ਬੱਚਿਆਂ ਦੀ ਤਰ੍ਹਾਂ ਹੀ ਕਰਨਾ ਚਾਹੀਦਾ ਹੈ।

ਇਸ ਮੌਕੇ ਪਹਿਲੀ ਕਮਾਂਡੋ ਬਟਾਲੀਅਨ ਦੇ ਕਮਾਂਡੈਂਟ ਸੁਨੀਤਾ ਰਾਣੀ, ਦੂਜੀ ਕਮਾਂਡੋ ਬਟਾਲੀਅਨ ਦੇ ਕਮਾਂਡੈਂਟ ਜਗਵਿੰਦਰ ਸਿੰਘ ਚੀਮਾ, ਕਮਾਂਡੋ ਟ ?ਰੇਨਿੰਗ ਸੈਂਟਰ ਦੇ ਕਮਾਂਡੈਂਟ ਗੁਰਪ੍ਰੀਤ ਸਿੰਘ, ਡੀ.ਐਸ.ਪੀ. ਹਰਦੀਪ ਸਿੰਘ ਬਡੂੰਗਰ, ਮੈਡੀਕਲ ਅਫਸਰ, ਕਮਾਂਡੋ ਅਤੇ ਪੀਏਪੀ ਬਟਾਲੀਅਨਾਂ ਦੇ ਸਟਾਫ ਅਤੇ ਜਵਾਨਾਂ ਨੇ ਇਸ ਮੌਕੇ ਕਮਾਂਡੋ ਕੰਪਲੈਕਸ ਅਤੇ ਇਸ ਦੇ ਆਸ-ਪਾਸ ਵਿਖੇ ਵੱਖ-ਵੱਖ ਤਰ੍ਹਾਂ ਦੇ 500 ਬੂਟੇ ਲਗਾਏ।

# ਨਜ਼ਾਇਜ਼ ਮਾਈਨਿੰਗ ਮੁਕੰਮਲ ਬੰਦ ਕਰਨ ਲਈ ਗਸ਼ਤ ਪਾਰਟੀਆਂ ਰਾਤ 11 ਤੋਂ ਸਵੇਰੇ 5 ਵਜੇ ਤੱਕ ਚੋਕਸੀ ਨਾਲ ਕਰਨਗੀਆਂ ਨਿਗਰਾਨੀ : ਹਰਜੋਤ ਬੈਂਸ

**ਸ੍ਰੀ ਅਨੰਦਪੁਰ ਸਾਹਿਬ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਨੇ ਕਿਹਾ ਹੈ ਕਿ ਨਜਾਇੰਜ ਮਾਈਨਿੰਗ ਨੂੰ ਮੁਕੰਮਲ ਬੰਦ ਕਰਨ ਲਈ ਵਿਸੇਸ਼ ਗਸ਼ਤ ਪਾਰਟੀਆਂ ਰਾਤ 11 ਵਜੇ ਤੋਂ ਸਵੇਰੇ 5 ਵਜੇ ਤੱਕ ਚੋਕਸੀ ਨਾਲ ਨਿਗਰਾਨੀ ਕਰਨ ਲਈ ਤੈਨਾਤ ਰਹਿਣਗੀਆਂ। ਨਜਾਇੰਜ ਮਾਈਨਿੰਗ ਵਿਰੁੱਧ ਜੀਰੋ ਟੋਲਰੈਂਸ ਅਪਨਾਈ ਗਈ ਹੈ, ਮਾਈਨਿੰਗ ਦੇ ਇਕੱਠੇ ਕੀਤੇ ਫੰਡ ਸਬੰਧਿਤ ਪਿੰਡਾਂ ਵਿਚ ਹੀ ਇਸਤੇਮਾਲ ਹੋਣਗੇ, ਇਸ ਨਾਲ ਕੁਦਰਤੀ ਸ੍ਰੋਤਾਂ ਦੀ ਸਾਂਭ ਸੰਭਾਲ ਕੀਤੀ ਜਾਵੇਗੀ।

ਅੱਜ ਆਪਣੇ ਵਿਸੇਸ਼ ਦੌਰੇ ਦੌਰਾਨ ਪਿੰਡ ਭਲਾਣ ਵਿਚ ਪਹੁੰਚੇ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਬਰਸਾਤਾ ਦੌਰਾਨ ਮਾਈਨਿੰਗ ਮੁਕੰਮਲ ਤੌਰ ਤੇ ਬੰਦ ਰਹਿੰਦੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਭਲਾਣ ਪਿੰਡ ਵਿੱਚ 48 ਘੰਟੀਆਂ ਦੌਰਾਨ 22 ਲੱਖ ਰੁਪਏ ਦੀ ਰਿਕਾਰਡ ਆਮਦਨ ਕਰਕੇ ਇੱਕ ਰਿਕਾਰਡ ਬਣਾਇਆ ਗਿਆ ਅਤੇ ਜੇਕਰ ਪੂਰੀ ਇਮਾਨਦਾਰੀ ਨਾਲ ਇਹ ਪ੍ਰਕਿਰਿਆ ਸਦਾ ਚੱਲਦੀ ਰਹੇ ਤਾਂ ਭਲਾਣ ਸੂਬੇ ਦਾ ਸਭ ਤੋਂ ਵੱਧ ਆਮਦਨ ਵਾਲਾ ਪਿੰਡ ਬਣ ਜਾਵੇਗਾ, ਜਿੱਥੇ ਮਾਈਨਿੰਗ

ਤੋਂ ਸਰਕਾਰ ਨੂੰ ਰਿਕਾਰਡ ਮਾਲੀਆਂ ਇਕੱਤਰਿਤ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਲੋਕਾਂ ਦਾ ਸਹਿਯੋਗ ਬਹੁਤ ਜਰੂਰੀ ਹੈ ਅਤੇ ਮਾਈਨਿੰਗ ਮਾਫੀਆਂ ਨੂੰ ਨੱਥ ਲੋਕਾਂ ਤੇ ਸਹਿਯੋਗ ਨਾਲ ਹੀ ਪਾਈ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਅਸੀ ਦੂਰ ਦੁਰਾਂਡੇ ਪਿੰਡਾਂ ਵਿਚ ਜਾ ਕੇ ਅਜਿਹੇ ਮਸਲਿਆਂ ਤੇ ਗਹਿਰਾਈ ਨਾਲ ਵਿਚਾਰ ਕਰਦੇ ਹਾਂ ਅਤੇ ਨਜ਼ਾਇਜ ਤੌਰ ਤੇ ਕੀਤੇ ਜਾ ਰਹੇ ਕੰਮਾਂ ਦੀ ਰੋਕਥਾਮ ਕੀਤੀ ਜਾ ਰਹੀ ਹੈ।

ਸ.ਬੈਂਸ ਨੇ ਕਿਹਾ ਕਿ ਇਸ ਇਲਾਕੇ ਦੇ ਲੋਕਾਂ ਦੀ ਵੱਡੀ ਸਮੱਸਿਆਂ ਐਲਗਰਾਂ ਦਾ ਪੁੱਲ ਹੈ, ਸਮੇਂ ਸਮੇਂ ਦੀਆਂ ਸਰਕਾਰਾ ਨੇ ਇਸ ਵੱਲ ਕੋਈ ਧਿਆਨ ਨਹੀ ਦਿੱਤਾ, ਸਗੋਂ ਲਗਭਗ ਇੱਕ ਦਹਾਕਾ ਪਹਿਲਾ 30 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲਾ ਪੁੱਲ ਦਾ ਕੰਮ ਹੁਣ 17 ਕਰੋੜ ਰੁਪਏ ਦੀ ਲਾਗਤ ਨਾਲ ਕਰਵਾਇਆ ਜਾ ਰਿਹਾ ਹੈ, ਅਜਿਹੇ 

# ਰਾਜ ਮੰਤਰੀ ਬਿੱਟੂ ਨੂੰ ਮਿਲਿਆ ਕਿਸਾਨਾਂ ਦਾ ਵਫਦ, ਜਮੀਨ ਐਕਵਾਇਰ ਕਰਨ ਦੇ ਫੈਸਲੇ ਨੂੰ ਲੈ ਕੇ ਕਿਸਾਨਾਂ ਨੂੰ ਸਤਾ ਰਿਹੈ

**ਏਜੰਸੀਆਂ**

ਮਲੋਟ 11 ਜੁਲਾਈ। ਪਿਛਲੇ ਕਈ ਦਿਨਾਂ ਤੋਂ ਮਲੋਟ ਉਪ ਮੰਡਲ ਨਾਲ ਸਬੰਧਤ ਤਿੰਨ ਪਿੰਡਾਂ ਦੇ ਕਿਸਾਨਾਂ ਵਿਚ ਕੇਂਦਰ ਸਰਕਾਰ ਵੱਲੋਂ ਜਮੀਨ ਐਕਵਾਇਰ ਕਰਨ ਦੇ ਖਦਸ਼ਿਆਂ ਕਰਕੇ ਸਹਿਮ

ਪਾਇਆ ਜਾ ਰਿਹਾ ਹੈ। ਇਸ ਮੁੱਦੇ 'ਤੇ ਵੱਖ-ਵੱਖ ਕਿਸਾਨ ਯੂਨੀਅਨਾਂ ਦੀ ਅਗਵਾਈ ਹੇਠ ਜਿਥੇ ਕਿਸਾਨਾਂ ਨੇ ਰੋਸ ਪ੍ਰਗਟ ਕੀਤੇ ਹਨ ਉਥੇ ਨਾਲ ਹੀ ਸਿਵਲ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਨੂੰ ਮੰਗ ਪੱਤਰ ਵੀ ਦਿੱਤੇ ਜਾ ਰਹੇ ਹਨ। ਬੇਸ਼ੱਕ ਜਿ?ਲ੍ਹਾ ਪ੍ਰਸ਼ਾਸ਼ਨ ਵੱਲੋਂ ਕਿਸਾਨਾਂ ਦੇ ਖਦਸ਼ਿਆਂ ਨੂੰ ਨਿਰਮੂਲ ਦੱਸਿਆ ਜਾ ਰਿਹਾ ਹੈ ਪਰ ਕਿਸਾਨਾਂ ਅੰਦਰ ਸਰਕਾਰੀ ਦਫਤਰਾਂ ਤੇ ਮਾਲ ਵਿਭਾਗ ਵਿਚ ਹੋਏ ਪੱਤਰ ਵਿਹਾਰ ਨੂੰ ਲੈਕੇ ਡਰ ਬਣਿਆ ਹੋਇਆ ਹੈ। ਇਸ ਸਬੰਧੀ ਵੱਖ ਵੱਖ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਇਕ ਵਫਦ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਨੂੰ ਵੀ ਮਿਲਿਆ।ਕੇਂਦਰੀ ਮੰਤਰੀ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਸਰਕਾਰ ਵੱਲੋਂ ਕਿਸਾਨਾਂ ਨਾਲ ਕਿਸੇ ਕਿਸਮ ਦਾ ਧੱਕਾ ਨਹੀਂ ਕੀਤਾ ਜਾਵੇਗਾ। ਇਸ ਮੌਕੇ ਕਿਸਾਨਾਂ ਨੇ ਮੰਤਰੀ ਨਾਲ ਕੀਤੀ ਮੀਟਿੰਗ ਵਿਚ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਪੋਟਾਸ ਦੀ ਖੋਜ ਲਈ ਲਾਏ ਜਾ ਰਹੇ ਪ੍ਰੋਜੈਕਟ ਤਹਿਤ ਪਿੰਡ ਕਬਰਵਾਲਾ ,ਕੱਟਿਆਂਵਾਲੀ ਅਤੇ ਸਰਾਵਾਂ ਬੋਦਲਾਂ ਦੀ 1ਹਜਾਰ ਏਕੜ ਤੋਂ ਵੱਧ ਜਮੀਨ ਐਕਵਾਇਰ ਕਰਨ ਜਾ ਰਹੀ ਹੈ। ਕਿਸਾਨਾਂ ਦਾ ਕਹਿਣਾ ਸੀ ਕਿ ਇਹਨਾਂ ਪਿੰਡਾਂ ਨਾਲ ਸਬੰਧਤ ਕਿਸਾਨ ਪਹਿਲਾਂ 1947 ਵਿਚ ਪਾਕਿਸਤਾਨ ਤੋਂ ਉਜੜ ਕੇ ਆਏ ਸਨ ਅਤੇ ਸਾਢੇ 7 ਦਹਾਕਿਆਂ ਵਿਚ ਉਹਨਾਂ ਦੇ ਮਸਾਂ ਪੈਰ ਲੱਗੇ ਹਨ। ਅਗਰ ਸਰਕਾਰ ਵੱਲੋਂ ਇਹਨਾਂ ਪਿੰਡਾਂ ਵਿਚ ਜਮੀਨ ਐਕਵਾਇਰ ਕੀਤੀ ਜਾਂਦੀ ਹੈ ਤਾਂ 78 ਸਾਲਾਂ ਵਿਚ ਕਿਸਾਨਾਂ ਦਾ ਦੂਸਰੀ ਵਾਰ ਉਜਾੜਾ ਹੋ ਜਾਵੇਗਾ। ਇਸ ਮੌਕੇ ਸੁਖਬੀਰ ਸਿੰਘ ਸੰਧੂ ਜੀ ਦੀ ਅਗਵਾਈ ਵਿਚ ਬਲਜੀਤ ਸਿੰਘ ਜਿ?ਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਕਿਸਾਨ ਮਜਦੂਰ ਸੰਘਰਸ ਕਮੇਟੀ, ਸੁਰਿੰਦਰ ਸਿੰਘ ਥੱਲ ਜਿ?ਲਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਖੋਸਾ ,ਗਗਨਦੀਪ ਸਿੰਘ ਜਿ?ਲ੍ਹਾ ਪ੍ਰਧਾਨ ਲੱਖੇਵਾਲ , ਗੁਰਚਰਨ ਸਿੰਘ ,ਮਨਦੀਪ ਸਿੰਘ ਜਿ?ਲ੍ਹਾ ਪ੍ਰਧਾਨ ਕਰਾਂਤੀਕਾਰੀ ਕਿਸਾਨ ਯੂਨੀਅਨ ਤੋਂ ਬਿਨਾਂ ਗੁਰਜੰਟ ਸਿੰਘ ,ਬੋਹੜ ਸਿੰਘ ਕਬਰਵਾਲਾ, ਜਸਵੰਤ ਸਿੰਘ ਪਿੰਡ ਕੱਟਿਆ ਵਾਲੀ, ਚਰਨਜੀਤ ਸਰਾਵਾਂ ਸਮੇਤ ਹਾਜਰ ਰਹੇ ।ਕੇਂਦਰੀ ਮੰਤਰੀ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਇਹ ਮਾਮਲਾ ਕੇਂਦਰ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਅਤੇ ਕਿਸਾਨਾਂ ਦਾ ਕੋਈ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ।

# ਸੁਖਬੀਰ ਦੀ ਪ੍ਰਧਾਨਗੀ ਹੇਠ ਇਕਜੁੱਟ ਹੈ ਪਾਰਟੀ, ਬਗਾਵਤ ਕਰਨ ਵਾਲਿਆਂ ਪਿੱਛੇ ਵੱਡੀਆਂ ਪਾਰਟੀਆਂ ਦੀ ਸਾਜਿਸ : ਸੇਖੋਂ

**ਸਰਦੂਲ ਸਿੰਘ**

ਜੈਤੋ 11 ਜੁਲਾਈ। ਸ਼੍ਰੋਮਣੀ ਅਕਾਲੀ ਦਲ ਜਿ?ਲ੍ਹਾ ਬਠਿੰਡਾ ਜਥੇਬੰਦੀ ਦਾ ਵੱਡਾ ਇਕੱਠ ਲੋਕ ਸਭਾ ਮੈਂਬਰ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਮੁੱਖ ਦਫਤਰ ਵਿਖੇ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ ਅਤੇ ਬਲਕਾਰ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਹੋਇਆ। ਇਸ ਵਿੱਚ ਸਮੁੱਚੇ ਹਲਕਾ ਇੰਚਾਰਜ ਸ਼੍ਰੋਮਣੀ ਕਮੇਟੀ ਮੈਂਬਰ, ਸਰਕਲ ਪ੍ਰਧਾਨ, ਯੂਥ ਵਿੰਗ ਦੇ ਪ੍ਰਧਾਨ ਅਤੇ ਵੱਡੀ ਗਿਣਤੀ ਵਿੱਚ ਵਰਕਰ ਸ਼ਾਮਲ ਹੋਏ ਅਤੇ ਸਰਬਸੰਮਤੀ ਨਾਲ ਹੱਥ ਖੜ੍ਹੇ ਕਰ ਕੇ ਮਤਾ ਪਾਸ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ 'ਚ ਵਿਸਵਾਸ ਪ੍ਰਗਟਾਇਆ ਅਤੇ ਐਲਾਨ ਕੀਤਾ ਕਿ ਜਿ?ਲ੍ਹਾ ਬਠਿੰਡਾ ਦੀ ਸਮੁੱਚੀ ਲੀਡਰਸਿ?ਪ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਾਲ ਚੱਟਾਨ ਵਾਂਗ ਖੜ੍ਹੀ ਹੈ। ਇਸ ਮੌਕੇ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ ਨੇ ਬਾਗੀਆਂ ਨੂੰ ਸਲਾਹ ਦਿੱਤੀ ਕਿ ਜੇਕਰ ਉਨ੍ਹਾਂ ਦੇ ਮਨ ਵਿੱਚ ਪਾਰਟੀ ਨੂੰ ਇੱਕਜੁੱਟ ਕਰਨ ਅਤੇ ਮਜਬੂਤ ਕਰਨ ਲਈ ਕੋਈ ਸੁਝਾਅ ਹਨ ਤਾਂ ਉਹ ਪਾਰਟੀ ਪਲੇਟਫਾਰਮ 'ਤੇ ਇਕੱਠੇ ਹੋ ਕੇ ਸਲਾਹ ਕਰਨ, ਨਾ ਕਿ ਪ੍ਰੈੱਸ ਅਤੇ ਓਪਨ ਤੌਰ 'ਤੇ ਪਾਰਟੀ ਜਾਂ ਪੰਥ ਤੇ ਪੰਜਾਬ ਨੂੰ ਨੁਕਸਾਨ ਪਹੁੰਚਾਉਣ ਦੀਆਂ ਗੱਲਾਂ ਕਰਨ। ਜੇਕਰ ਉਹ ਅਜਿਹਾ ਕਰਨਗੇ ਤਾਂ ਉਨ੍ਹਾਂ ਨੂੰ ਪਾਰਟੀ ਤੋਂ ਬਾਹਰ ਹੀ ਸਮਝਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਵਿੱਚ ਸਰਕਾਰਾਂ ਬਣੀਆਂ ਉਸ ਵੇਲੇ ਉਨ੍ਹਾਂ ਬਗਾਵਤੀ ਲੀਡਰਾਂ ਨੇ ਕੈਬਨਿਟ ਵਜੀਰੀਆਂ ਦਾ ਆਨੰਦ

ਮਾਣਿਆ, ਫਿਰ ਹੁਣ ਸਵਾਲ ਖੜ੍ਹੇ ਕਰਨੇ ਵਾਜਿਬ ਨਹੀਂ। ਉਨ੍ਹਾਂ ਕਿਹਾ ਕਿ ਬਾਗੀਆਂ ਦੇ ਪਿੱਛੇ ਵੱਡੀਆਂ ਸਰਕਾਰਾਂ ਦੀ ਸਾਜਿਸ ਹੈ, ਜਿਸ ਨੂੰ ਮੁੱਖ ਤੌਰ 'ਤੇ ਧਿਆਨ ਵਿੱਚ ਰੱਖਿਆ ਜਾ ਰਿਹਾ ਹੈ। ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਮੇਸਾ ਹੀ ਪਾਰਟੀ ਨੂੰ ਮਜਬੂਤ ਬਣਾਉਣ ਲਈ ਕੰਮ ਕੀਤਾ ਹੈ ਅਤੇ ਪੂਰਨ ਪਾਰਟੀ ਇੱਕਜੁੱਟ ਹੋ ਕੇ ਉਨ੍ਹਾਂ ਦੇ ਨਾਲ ਚੱਟਾਨ ਵਾਂਗ ਖੜ੍ਹੀ ਹੈ। ਇਸ ਮੌਕੇ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ ਦੇ ਜਿ?ਲ੍ਹਾ ਪ੍ਰਧਾਨ ਬਲਕਾਰ ਸਿੰਘ ਬਰਾੜ ਨੇ ਕਿਹਾ ਕਿ ਜਿ?ਲ੍ਹਾ ਬਠਿੰਡਾ ਵਿੱਚੋਂ ਕੋਈ ਵੀ ਲੀਡਰ ਬਾਗੀਂ ਧੜੇ ਦੀ ਹਮਾਇਤ ਵਿੱਚ ਨਹੀਂ ਹੈ ਤੇ ਪੂਰੀ ਲੀਡਰਸਿ?ਪ ਸੁਖਬੀਰ ਸਿੰਘ ਬਾਦਲ ਦੇ ਨਾਲ ਖੜ੍ਹੀ ਹੈ ਤੇ ਉਨ੍ਹਾਂ ਦੀ ਅਗਵਾਈ ਵਿੱਚ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਜੋ ਪੰਜਾਬ ਦੀ ਖੇਤਰੀ ਪਾਰਟੀ ਹੈ ਮਜਬੂਤ ਹੋ ਕੇ ਉਭਰੇਗੀ ਅਤੇ ਵਿਧਾਨ ਸਭਾ ਚੋਣਾਂ ਵਿੱਚ ਸਰਕਾਰ ਵੀ ਬਣਾਵਾਂਗੇ। ਇਸ ਮੌਕੇ ਪੱਤਰਕਾਰਾਂ ਵੱਲੋਂ ਬਾਗੀਆਂ ਨੂੰ ਪਾਰਟੀ ਵਿੱਚ ਵਾਪਸ ਲੈਣ ਦੇ ਪੁੱਛੇ ਸਵਾਲ ਦੇ ਜਵਾਬ ਵਿੱਚ ਸਾਬਕਾ ਮੰਤਰੀ ਸੇਖੋ ਨੇ ਕਿਹਾ ਕਿ ਜੇਕਰ ਉਹ ਪਾਰਟੀ ਵਿੱਚ ਆਉਣਗੇ ਤਾਂ ਪਿਛਲੇ ਕਤਾਰ ਵਿੱਚ ਖੜ੍ਹਾਇਆ ਜਾਵੇਗਾ ਤੇ ਕਿਸੇ ਵੀ ਹਲਕੇ ਤੋਂ ਟਿਕਟਾਂ ਨਹੀਂ ਦਿੱਤੀਆਂ ਜਾਣਗੀਆਂ। ਇਸ ਮੌਕੇ ਸਾਬਕਾ ਵਿਧਾਇਕ ਪ੍ਰਕਾਸ ਸਿੰਘ ਭੱਟੀ, ਰਵੀ ਪ੍ਰੀਤ ਸਿੰਘ ਤਲਵੰਡੀ ਸਾਬੋ, ਇਕਬਾਲ ਸਿੰਘ ਬਬਲੀ ਢਿੱਲੋ ਬਠਿੰਡਾ, ਹਰਿੰਦਰ ਸਿੰਘ ਮਹਿਰਾਜ ਰਾਮਪੁਰਾ ਫੂਲ, ਸ਼੍ਰੋਮਣੀ ਕਮੇਟੀ ਮੈਂਬਰ ਮੋਹਨ ਸਿੰਘ ਬੰਦੀ ਮੇਜਰ ਸਿੰਘ ਢਿੱਲੋ, ਸਤਨਾਮ ਸਿੰਘ, ਬੀਬੀ ਦਵਿੰਦਰ ਕੌਰ, ਜਗਸੀਰ ਸਿੰਘ ਜੱਗਾ ਕਲਿਆਣ, ਮੋਹਿਤ ਗੁਪਤਾ, ਬਲਜੀਤ ਸਿੰਘ ਬੀੜ ਬਹਿਮਨ, ਜਗਸੀਰ ਸਿੰਘ ਜੱਗਾ ਕਲਿਆਣ, ਚਮਕੌਰ ਸਿੰਘ ਮਾਨ, ਗਰਦੌਰ ਸਿੰਘ, ਗੁਰਲਾਭ ਸਿੰਘ ਢੇਲਵਾਂ, ਮਾਨ ਸਿੰਘ ਗੁਰੂ ਸਮੇਤ ਸਮੁੱਚੀ ਲੀਡਰਸਿ?ਪ ਮੌਜੂਦ ਰਹੀ।

# ਸ਼ਿਵ ਸੈਨਾ ਆਗੂ 'ਤੇ ਹੋਏ ਹਮਲੇ ਦੇ ਮਾਮਲੇ 'ਤੇ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਆਇਆ ਸਾਹਮਣੇ

ਅੰਮ੍ਰਿਤਸਰ 11 ਜੁਲਾਈ। ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਹਿੰਸਾ ਦੇ ਹੱਕ ਵਿਚ ਨਹੀਂ ਹਨ। ਜਥੇਦਾਰ ਹਰਪ੍ਰੀਤ ਸਿੰਘ ਐਤਵਾਰ ਨੂੰ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਖੇ ਕਰਵਾਏ ਗਏ ਧਾਰਮਿਕ ਸਮਾਗਮ ਤੋਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਤੋਂ ਲੁਧਿਆਣਾ ਵਿਚ ਸ?ਿਵ ਸੈਨਾ ਆਗੂ ਸੰਦੀਪ ਥਾਪਰ 'ਤੇ ਹੋਏ ਹਮਲੇ ਸਬੰਧੀ ਸਵਾਲ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਸਮਾਜ ਦੇ ਬਹੁਤ ਸਾਰੇ ਲੋਕ ਦੂਜੇ ਧਰਮਾਂ ਪ੍ਰਤੀ ਨਫਰਤ ਫੈਲਾਅ ਰਹੇ ਹਨ ਅਤੇ ਕਿਸੇ ਵੀ ਧਰਮ ਪ੍ਰਤੀ ਨਾਂਹਪੱਖੀ ਸਬਦਾਵਲੀ ਦੀ ਵਰਤੋਂ ਕਰਨਾ ਨਫਰਤ ਫੈਲਾਉਣ ਦੇ ਬਰਾਬਰ ਹੈ। ਇਕ ਹੋਰ ਸਵਾਲ ਦੇ ਜਵਾਬ ਵਿਚ ਜਥੇਦਾਰ ਨੇ ਕਿਹਾ ਕਿ

ਦੇਸ ਦੇ ਬਾਕੀ ਸੂਬਿਆਂ ਵਿਚ ਕਿਸੇ 'ਤੇ ਐੱਨ.ਐੱਸ.ਏ. ਲਗਾਉਣ ਦੀ ਮਿਆਦ ਸਿਰਫ ਇਕ ਸਾਲ ਹੈ ਪਰ ਪੰਜਾਬ ਵਿਚ ਇਹ ਸਮਾਂ ਦੋ ਸਾਲ ਹੈ। ਇਸ ਦੌਰਾਨ ਉਨ੍ਹਾਂ ਨੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨਾਲ ਮੁਲਾਕਾਤ ਵੀ ਕੀਤੀ। ਇਸ ਤੋਂ ਪਹਿਲਾਂ ਅੰਮ੍ਰਿਤਪਾਲ ਦੇ ਪਿਤਾ ਤਰਸੇਮ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਨੇ ਕਿਹਾ ਕਿ ਅੰਮ੍ਰਿਤਪਾਲ ਨੇ ਸੰਸਦ ਵਿਚ ਸੰਸਦ ਮੈਂਬਰ ਵਜੋਂ ਸਹੁੰ ਚੁੱਕ ਚੁੱਕੇ ਹਨ, ਇਸ ਲਈ ਹੁਣ ਸਰਕਾਰ ਨੂੰ ਐੱਨ. ਐੱਸ. ਏ. ਹਟਾ ਕੇ ਉਸ ਨੂੰ ਰਿਹਾਅ ਕਰਨਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ 'ਚ ਚੱਲ ਰਹੀ ਧੜੇਬੰਦੀ 'ਤੇ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਧੜੇਬੰਦੀ ਹੋਣਾ ਮਾੜੀ ਗੱਲ ਹੈ, ਧੜੇਬੰਦੀ ਕਿਸੇ ਵੀ ਪਾਰਟੀ ਨੂੰ ਸੋਭਾ ਨਹੀਂ ਦਿੰਦੀ।

# ਜਲੰਧਰ ਜਿਮਨੀ ਚੋਣ: ਅਕਾਲੀ ਉਮੀਦਵਾਰ ਬੀਬੀ ਸੁਰਜੀਤ ਕੌਰ ਨੇ ਪਾਈ ਵੋਟ

ਜਲੰਧਰ 11 ਜੁਲਾਈ। ਜਲੰਧਰ ਦੇ ਵੈਸਟ ਵਿਧਾਨ ਸਭਾ ਹਲਕੇ 'ਤੇ ਜਿ?ਮਨੀ ਚੋਣ ਲਈ ਪੋਲਿੰਗ ਜਾਰੀ ਹੈ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਸੁਰਜੀਤ ਕੌਰ ਪਰਿਵਾਰ ਸਮੇਤ ਵੋਟ ਪਾਉਣ ਲਈ ਪੋਲਿੰਗ ਬੂਥ 'ਤੇ ਪਹੁੰਚੇ। ਉਨ੍ਹਾਂ ਨੇ ਲੋਕਾਂ ਨੂੰ ਵੋਟ ਦੇ ਹੱਕ ਦੀ ਜਰੂਰ ਵਰਤੋਂ ਕਰਨ ਦੀ ਅਪੀਲ ਕੀਤੀ। ਇਸ ਸੀਟ 'ਤੇ ਕੁੱਲ 15 ਉਮੀਦਵਾਰ ਆਪਣੀ ਕਿਸਮਤ ਅਜਮਾ ਰਹੇ ਹਨ। ਭਾਰਤੀ ਜਨਤਾ ਪਾਰਟੀ ਦੇ ਸੀਤਲ ਅੰਗੁਰਾਲ, ਆਮ ਆਦਮੀ ਪਾਰਟੀ ਦੇ ਮੋਹਿੰਦਰ ਭਗਤ ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਸਰਬਜੀਤ ਸਿੰਘ, ਬਹੁਜਨ ਸਮਾਜ ਪਾਰਟੀ (ਬਸਪਾ) ਦੇ ਬਿੰਦਰ ਲੱਖਾ, ਕਾਂਗਰਸ ਦੀ ਸੁਰਿੰਦਰ ਕੌਰ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੁਰਜੀਤ ਕੌਰ ਮੈਦਾਨ ਵਿਚ ਹਨ। ਇਸ ਸੀਟ 'ਤੇ 1,71,963 ਵੋਟਰ ਹਨ। ਜਿ?ਕਰਯੋਗ ਹੈ ਕਿ ਸਾਲ 2022 'ਚ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਚੋਣ ਲੜ ਕੇ ਸ਼ੀਤਲ ਅੰਗੁਰਾਲ ਜਲੰਧਰ ਵੈਸਟ ਤੋਂ ਵਿਧਾਇਕ ਬਣੇ ਸਨ, ਪਰ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਹ ਭਾਜਪਾ 'ਚ ਸ਼ਾਮਲ ਹੋ ਗਏ। ਇਸ ਦੌਰਾਨ ਉਨ੍ਹਾਂ ਨੇ ਆਪਣੇ ਵਿਧਾਇਕ ਅਹੁਦੇ ਤੋਂ ਅਸਤੀਫਾ ਵਿਧਾਨ ਸਭਾ ਸਪੀਕਰ ਨੂੰ ਭੇਜ ਦਿੱਤਾ ਸੀ। ਹਾਲਾਂਕਿ ਬਾਅਦ 'ਚ ਉਨ੍ਹਾਂ ਨੇ ਅਸਤੀਫਾ ਵਾਪਸ ਲੈਣ ਚਾਹਿਆ ਪਰ ਇਸ ਤੋਂ ਪਹਿਲਾਂ ਉਨ੍ਹਾਂ ਦਾ ਅਸਤੀਫਾ ਮਨਜੂਰ ਹੋ ਚੁੱਕਾ ਸੀ। ਵਿਧਾਇਕ ਸ਼ੀਤਲ ਅੰਗੁਰਾਲ ਵੱਲੋਂ ਭਾਜਪਾ 'ਚ ਸ਼ਾਮਲ ਹੋਣ ਉਪਰੰਤ ਅਸਤੀਫਾ ਦੇਣ ਕਾਰਨ ਇਹ ਸੀਟ ਖਾਲੀ ਹੋਈ ਸੀ। ਇਸ ਲਈ ਇਸ 'ਤੇ ਜਿ?ਮਨੀ ਚੋਣ ਕਰਵਾਈ ਜਾ ਰਹੀ ਹੈ।

# ਹਜਾਰਾਂ ਕਿਸਾਨਾਂ ਨੇ ਕੇਂਦਰ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਦਿਆਂ ਸੰਸਦ ਮੈਂਬਰਾਂ ਨੂੰ ਸੌਂਪੇ ਮੰਗ-ਪੱਤਰ

**ਕਿਸਾਨ ਪਾਲ**

ਪਟਿਆਲਾ/ਸਨੌਰ 11 ਜੁਲਾਈ। ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਹਜਾਰਾਂ ਕਿਸਾਨਾਂ ਨੇ ਕੇਂਦਰ ਸਰਕਾਰ ਖਿਲਾਫ ਰੋਸ-ਵਿਖਾਵਾ ਕਰਦਿਆਂ ਦੇਸ਼ ਭਰ 'ਚ ਸੰਸਦ ਮੈਂਬਰਾਂ ਨੂੰ ਮੰਗ-ਪੱਤਰ ਸੌਂਪੇ। ਕਿਸਾਨ ਨੇਤਾਵਾਂ ਨੇ ਕਿਹਾ ਕਿ 13 ਫਰਵਰੀ ਤੋਂ ਦਿੱਲੀ ਕੂਚ ਲਈ ਦੇਸ਼ ਦੀਆਂ 200 ਦੇ ਕਰੀਬ ਜਥੇਬੰਦੀਆਂ ਵੱਲੋਂ ਸ਼ੁਰੂ ਕੀਤਾ ਗਿਆ ਸੰਘਰਸ਼ ਸਰਕਾਰ ਵੱਲੋਂ ਰਸਤੇ 'ਚ ਰੋਕੇ ਜਾਣ ਤੋਂ ਬਾਅਦ 146ਵੇਂ ਦਿਨ 'ਚ ਵੱਖ-ਵੱਖ ਥਾਵਾਂ 'ਤੇ ਜਾਰੀ ਹੈ। ਅੰਦੋਲਨ ਦੀ ਅਗਵਾਈ ਕਰ ਰਹੇ ਦੋਵਾਂ ਫੋਰਮਾਂ ਵੱਲੋਂ ਤੈਅ ਕੀਤੇ ਪ੍ਰੋਗਰਾਮ ਤਹਿਤ ਦੇਸ਼ ਦੇ 12 ਸੂਬਿਆਂ 'ਚ ਗੈਰ-ਭਾਜਪਾਈ ਸੰਸਦ ਮੈਂਬਰਾਂ ਨੂੰ ਕਿਸਾਨ-ਮਜ਼ਦੂਰ ਸੰਘਰਸ਼ ਦੀਆਂ ਮੰਗਾਂ ਸਬੰਧੀ ਮੰਗ-ਪੱਤਰ ਦਿੱਤੇ ਗਏ। ਇਸ ਦੌਰਾਨ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਅਤੇ ਜਗਜੀਤ ਸਿੰਘ ਡੱਲੇਵਾਲ ਨੇ ਦੱਸਿਆ ਕਿ ਪੰਜਾਬ ਦੇ 13, ਚੰਡੀਗੜ੍ਹ ਦੇ 1, ਹਰਿਆਣਾ ਦੇ 5, ਰਾਜਸਥਾਨ ਦੇ 11, ਉੱਤਰ ਪ੍ਰਦੇਸ਼ ਦੇ 20, ਮੱਧ ਪ੍ਰਦੇਸ਼ ਦੇ 1 (ਰਾਜ ਸਭਾ ਮੈਂਬਰ), ਬਿਹਾਰ ਦੇ 6, ਕਰਨਾਟਕ ਦੇ 12, ਤੇਲੰਗਾਨਾ ਦੇ 10,

ਮਹਾਰਾਸ਼ਟਰ ਦੇ 5, ਕੇਰਲ ਦੇ 19 ਅਤੇ ਤਾਮਿਲਨਾਡੂ ਦੇ 29 ਸੰਸਦ ਮੈਂਬਰਾਂ ਨੂੰ ਕਿਸਾਨ-ਮਜ਼ਦੂਰ ਸੰਘਰਸ਼ ਦੀਆਂ ਮੰਗਾਂ ਸਬੰਧੀ ਮੰਗ-ਪੱਤਰ ਸੌਂਪੇ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਵਿਰੋਧੀ ਧਿਰ ਅੰਦੋਲਨ ਦੀ ਆਵਾਜ਼ ਜ਼ੋਰ ਨਾਲ ਨਹੀਂ ਉਠਾਉਂਦੀ ਤਾਂ ਇਨ੍ਹਾਂ ਸੰਸਦ ਮੈਂਬਰਾਂ ਖਿਲਾਫ ਵੀ ਆਉਂਦੇ ਦਿਨਾਂ 'ਚ ਸਖ਼ਤ ਰੁਖ਼ ਅਖ਼ਤਿਆਰ ਕੀਤਾ ਜਾਵੇਗਾ। ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਤੋਂ ਸੁਖਵਿੰਦਰ ਸਿੰਘ ਸਭਰਾ, ਕਾਕਾ ਸਿੰਘ ਕੋਟੜਾ, ਸੁਖਜੀਤ ਸਿੰਘ ਹਰਦੋਝੰਡੇ, ਜਸਵਿੰਦਰ ਸਿੰਘ ਲੌਂਗੋਵਾਲ, ਅਭਿਮੰਨਿਊ ਕੋਹਾੜ, ਮਨਜੀਤ ਸਿੰਘ ਰਾਏ, ਗੁਰਿੰਦਰ ਸਿੰਘ ਭੰਗੂ, ਸੁਰਜੀਤ ਸਿੰਘ ਫੂਲ, ਸੁਖਦੇਵ ਸਿੰਘ ਭੋਜਰਾਜ, ਮਨਜੀਤ ਸਿੰਘ ਘੁਮਾਣਾ, ਮਲਕੀਤ ਸਿੰਘ ਗੁਲਾਮੀਵਾਲਾ, ਅਮਰਜੀਤ ਸਿੰਘ ਮੋਹੜੀ, ਜੰਗ ਸਿੰਘ ਭਟੇਰੀ, ਸੁਖਜਿੰਦਰ ਸਿੰਘ ਖੋ